# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 15.05.2024

www.hsnnews.in | PUNPUN/2024/86289 | President:-Shailza | Email:info@hsnnews.in

Vol.11 | May-2024 | Published in Punjab | Pages 8


# 3.94 ਲੱਖ ਪ੍ਰਵਾਸੀਆਂ ਨੇ ਹਾਸਲ ਕੀਤੀ ਕੈਨੇਡੀਅਨ ਸਿਟੀਜ਼ਨਸ਼ਿਪ

ਕੈਨੇਡਾ ਵਿਚ 'ਸਿਟੀਜ਼ਨਸ਼ਿਪ ਵੀਕ' ਆਰੰਭ ਹੋ ਚੁੱਕਾ ਹੈ ਅਤੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਦੱਸਿਆ ਕਿ 1 ਅਪ੍ਰੈਲ 2023 ਤੋਂ 31 ਮਾਰਚ 2024 ਦਰਮਿਆਨ 393,500 ਪ੍ਰਵਾਸੀਆਂ ਨੇ ਮੁਲਕ ਦੀ ਨਾਗਰਿਕਤਾ ਹਾਸਲ ਕੀਤੀ ਅਤੇ ਇਨ੍ਹਾਂ ਵਿਚੋਂ ਸਭ ਤੋਂ ਅੱਗੇ ਭਾਰਤੀ ਰਹੇ। ਇਮੀਗ੍ਰੇਸ਼ਨ ਮੰਤਰੀ ਨੇ ਨਾਗਰਿਕਤਾ ਹਫ਼ਤੇ ਦੀ ਸ਼ੁਰੂਆਤ ਕਰਦਿਆਂ ਵੱਖ-ਵੱਖ ਸ਼ਹਿਰਾਂ ਵਿਚ ਨਵੇਂ ਨਾਗਰਿਕਾਂ ਨੂੰ ਸਹੁੰ ਚੁਕਾਉਣ ਦੀ ਰਸਮ ਅਦਾ ਕੀਤੀ। ਇਮੀਗ੍ਰੇਸ਼ਨ ਮਾਹਰਾਂ ਮੁਤਾਬਕ ਕੈਨੇਡਾ ਸਰਕਾਰ ਵੱਲੋਂ ਮੌਜੂਦਾ ਵਿੱਤੀ ਵਰ੍ਹੇ ਦੌਰਾਨ 4 ਲੱਖ ਤੋਂ ਵੱਧ ਪ੍ਰਵਾਸੀਆਂ ਨੂੰ ਸਿਟੀਜ਼ਨਸ਼ਿਪ ਦੇਣ ਦਾ ਟੀਚਾ ਮਿੱਥਿਆ ਗਿਆ ਹੈ।



ਸਰੀ ਵਿਖੇ 40 ਨਵੇਂ ਨਾਗਰਿਕਾਂ ਨੂੰ ਸਹੁੰ ਚੁਕਾਉਂਦਿਆਂ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਕਮਿਊਨਿਟੀ ਲਗਾਤਾਰ ਵਧ-ਫੁੱਲ ਰਹੀ ਹੈ ਅਤੇ ਹਰ ਕੈਨੇਡੀਅਨ ਸਿਟੀਜ਼ਨ ਨੂੰ ਨਵੇਂ ਨਾਗਰਿਕਾਂ ਦਾ ਜ਼ੋਰਦਾਰ ਸਵਾਗਤ ਕਰਨਾ ਚਾਹੀਦਾ ਹੈ। ਪ੍ਰਵਾਸੀ ਆਪਣੇ ਸੁਪਨੇ ਸੱਚ ਕਰਨ ਦੇ ਮਕਸਦ ਨਾਲ ਕੈਨੇਡਾ ਆਉਂਦੇ ਹਨ ਅਤੇ ਕੋਈ ਨਹੀਂ ਚਾਹੁੰਦਾ ਕਿ ਉਸ ਦੀ ਜ਼ਿੰਦਗੀ ਪਹਿਲਾਂ ਵਾਲੇ ਪੱਧਰ 'ਤੇ ਹੀ ਠਹਿਰ ਜਾਵੇ। ਕੈਨੇਡਾ ਨੂੰ ਆਪਣਾ ਨਵਾਂ ਘਰ ਬਣਾਉਣ ਵਾਲੇ ਪ੍ਰਵਾਸੀ ਤਰੱਕੀ ਕਰਨਗੇ ਤਾਂ ਸਾਡਾ ਮੁਲਕ ਵਿਚ ਅੱਗੇ ਵਧੇਗਾ।

ਤਕਰੀਬਨ ਦੋ ਘੰਟੇ ਤੱਕ ਚੱਲੇ ਸਮਾਗਮ ਦੌਰਾਨ ਸਰੀ-ਨਿਊਟਨ ਤੋਂ ਐਮ.ਪੀ. ਸੁਖ ਧਾਲੀਵਾਲ ਨੇ ਕਿਹਾ ਕਿ ਨਵੇਂ ਬਣੇ ਨਾਗਰਿਕਾਂ ਦੀ ਜ਼ਿੰਦਗੀ ਲਈ ਅੱਜ ਦਾ ਦਿਨ ਬੇਹੱਦ ਖਾਸ ਹੈ ਅਤੇ 1987 ਵਿਚ ਉਨ੍ਹਾਂ ਨੂੰ ਵੀ ਕੈਨੇਡੀਅਨ ਨਾਗਰਿਕਤਾ ਹਾਸਲ ਕਰਦਿਆਂ ਬੇਹੱਦ ਖੁਸ਼ੀ ਮਹਿਸੂਸ ਹੋਈ। ਸੁਖ ਧਾਲੀਵਾਲ ਨੇ ਅੱਗੇ ਕਿਹਾ ਕਿ ਕੈਨੇਡੀਅਨ ਸਿਟੀਜ਼ਨ ਵਜੋਂ ਸਹੁੰ ਚੁੱਕਣੀ ਲਾਜ਼ਮੀ ਹੈ ਪਰ ਇਸ ਦੀ ਅਹਿਮੀਅਤ ਲਫ਼ਜ਼ਾਂ ਤੋਂ ਕਿਤੇ ਉਪਰ ਹੈ। ਬਤੌਰ ਕੈਨੇਡੀਅਨ ਨਾਗਰਿਕ ਹਰ ਸ਼ਖਸ ਦੀਆਂ ਸਮਾਜਿਕ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਉਣ ਪ੍ਰਤੀ ਵਚਨਬੱਧ ਹੁੰਦਾ ਹੈ ਅਤੇ ਵੰਨ ਸੁਵੰਨੇ ਸਭਿਆਚਾਰ ਵਾਲੇ ਲੋਕਤੰਤਰੀ ਮੁਲਕ ਵਿਚ ਉਸ ਨੂੰ ਹਰ ਹੱਕ ਮਿਲ ਜਾਂਦਾ ਹੈ।ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਸਰਕਾਰ ਵੱਲੋਂ ਮੌਜੂਦਾ ਵਰ੍ਹੇ ਦੌਰਾਨ 4 ਲੱਖ 85 ਹਜ਼ਾਰ ਨਵੇਂ ਪ੍ਰਵਾਸੀਆਂ ਨੂੰ ਸੱਦਣ ਦਾ ਟੀਚਾ ਮਿੱਥਿਆ ਗਿਆ ਹੈ ਜਦਕਿ 2025 ਵਿਚ ਇਹ ਅੰਕੜਾ 5 ਲੱਖ ਤੋਂ ਟੱਪ ਜਾਵੇਗਾ।


ਨਾਗਰਿਕਤਾ ਹਾਸਲ ਕਰਨ ਵਾਲਿਆਂ ਦਾ ਜ਼ਿਕਰ ਕੀਤਾ ਜਾਵੇ ਤਾਂ 2022-23 ਦੌਰਾਨ 3 ਲੱਖ 74 ਹਜ਼ਾਰ ਪ੍ਰਵਾਸੀਆਂ ਨੇ ਕੈਨੇਡੀਅਨ ਸਿਟੀਜ਼ਨਸ਼ਿਪ ਹਾਸਲ ਕੀਤੀ ਅਤੇ ਇਨ੍ਹਾਂ ਵਿਚੋਂ 59,503 ਦੇ ਅੰਕੜੇ ਨਾਲ ਭਾਰਤੀ ਸਭ ਤੋਂ ਅੱਗੇ ਰਹੇ। ਫਿਲੀਪੀਨਜ਼ ਨਾਲ ਸਬੰਧਤ 41,540 ਪ੍ਰਵਾਸੀਆਂ ਨੇ ਕੈਨੇਡੀਅਨ ਨਾਗਰਿਕਤਾ ਹਾਸਲ ਕੀਤੀ ਜਦਕਿ ਰਫਿਊਜੀ ਦੇ ਰੂਪ ਵਿਚ ਸੀਰੀਆ ਤੋਂ ਆਏ 20,355 ਜਣੇ ਕੈਨੇਡੀਅਨ ਸਿਟੀਜ਼ਨ ਬਣ ਗਏ। ਤਾਜ਼ਾ ਅੰਕੜਿਆਂ ਵਿਚ ਇਮੀਗ੍ਰੇਸ਼ਨ ਮੰਤਰੀ ਵੱਲੋਂ ਮੁਲਕਾਂ ਦੇ ਆਧਾਰ 'ਤੇ ਵੇਰਵੇ ਨਸ਼ਰ ਨਹੀਂ ਕੀਤੇ ਗਏ ਪਰ ਮੰਨਿਆ ਜਾ ਰਿਹਾ ਹੈ ਕਿ ਇਸ ਵਾਰ ਵੀ ਬਾਜ਼ੀ ਭਾਰਤੀ ਲੋਕਾਂ ਦੇ ਹੱਥ ਰਹੀ। ਦੂਜੇ ਪਾਸੇ 32 ਸਾਲ ਪਹਿਲਾਂ ਕੈਨੇਡੀਅਨ ਨਾਗਰਿਕਤਾ ਹਾਸਲ ਕਰਨ ਵਾਲੀ ਇਕ ਔਰਤ ਦੀ ਸਿਟੀਜ਼ਨਸ਼ਿਪ ਰੱਦ ਕਰ ਦਿਤੀ ਗਈ। ਓਂਟਾਰੀਓ ਦੇ ਅਜੈਕਸ ਵਿਖੇ ਰਹਿ ਰਹੀ ਐਰੀਅਲ ਟਾਊਨਸੈਂਡ ਨੇ 1992 ਵਿਚ ਸਿਟੀਜ਼ਨਸ਼ਿਪ ਹਾਸਲ ਕੀਤੀ ਪਰ ਇਮੀਗ੍ਰੇਸ਼ਨ ਵਿਭਾਗ ਦੇ ਫ਼ੈਸਲੇ ਮੁਤਾਬਕ ਉਸ ਨੂੰ ਗ਼ਲਤੀ ਨਾਲ ਕੈਨੇਡੀਅਨ ਨਾਗਰਿਕਤਾ ਮਿਲ ਗਈ। ਐਰੀਅਲ ਨੂੰ ਮੁੜ ਸਿਟੀਜ਼ਨਸ਼ਿਪ ਹਾਸਲ ਕਰਨ ਲਈ ਹਜ਼ਾਰਾਂ ਡਾਲਰ ਖਰਚ ਕਰਨੇ ਪੈ ਸਕਦੇ ਹਨ।

# 28 ਜੂਨ ਤੋਂ ਮਨੋਰੰਜਨ ਕਰਨ ਆ ਰਹੀ ਹੈ ਰੌਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ

ਰੌਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ 2024 ਟੂਰ 28 ਜੂਨ ਤੋਂ ਸ਼ੁਰੂ ਹੋਣ ਜਾ ਰਿਹਾ ਹੈ। 28 ਜੂਨ ਤੋਂ 2 ਸਤੰਬਰ ਤੱਕ ਈਟੋਬੀਕੋਕ, ਪਿਕਰਿੰਗ, ਸਕਾਰਬੋਰੋ, ਥੌਰਨਹਿਲ/ਵੌਘਨ ਅਤੇ ਬਰਲਿੰਗਟਨ ਵਿੱਚ ਸ਼ਾਨਦਾਰ ਸ਼ੋਅ ਹੋਣਗੇ।

ਇਸ ਸਾਲ ਦੇ ਸਾਰੇ ਸ਼ੋਅ ਰਾਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ, ਵਿਸ਼ਾਲ ਬਿਗ ਟੌਪ ਦੇ ਅਧੀਨ, ਸ਼ਾਨਦਾਰ ਐਕਟਾਂ ਦੀ ਵਿਸ਼ੇਸ਼ਤਾ ਵਾਲੇ ਧਮਾਕੇਦਾਰ ਲਾਈਵ ਮਨੋਰੰਜਨ ਨਾਲ ਭਰਪੂਰ ਹੋਣਗੇ, ਜੋਕਿ ਸਭ ਨੂੰ ਹੈਰਾਨ ਕਰ ਦੇਣਗੇ।

ਇਸ ਦੌਰਾਨ ਵ੍ਹੀਲ ਆਫ ਡੈਸਟਿਨੀ `ਤੇ ਡੇਅਰਡੇਵਿਲ ਜੋਸੇਫ ਡੋਮਿਨਿਕ ਬਾਉਰ ਆਪਣੇ ਕਰਤਬ ਦਿਖਾਉਣਗੇ। ਇਸ ਦੌਰਾਨ ਦ ਗੁਆਰੇਰੋ ਹਾਈ ਵਾਇਰ, ਦ ਬਾਲੀਵੁੱਡ ਏਰੀਅਲਿਸਟ, ਦ ਗਲੋਬ ਆਫ ਡੈਥ ਜਿੱਥੇ 4 ਮੋਟਰਸਾਈਕਲ 80 ਦੀ ਰਫਤਾਰ ਨਾਲ ਸਟੀਲ ਦੇ ਪਿੰਜਰੇ ਦੇ ਦੁਆਲੇ ਘੁੰਮਣਗੇ। ਨਿਡਰ ਲੀਓ ਗਾਰਸੀਆ ਹਿਊਮਨ ਕੈਨਨਬਾਲ, ਅਤੇ ਕਵਿੱਕ ਚੇਂਜ ਤੋਂ ਰੋਮਾਂਚਕ ਜ਼ੇਮਨ ਰੋਲਰਸਕੇਟਿੰਗ ਜੋੜੀ ਵੀ ਆਪਣੇ ਕਰਤਵਾਂ ਦਾ ਮੁਜ਼ਾਹਰਾ ਕਰਨਗੇ। ਨਾਲ ਹੀ ਸਪੈਲਬਾਈਡਿੰਗ "ਸੀਐਂਚਯੂ" ਡਾਇਬਲੋ ਐਕਰੋਬੈਟਿਕਸ, ਇੱਕ ਕੈਨੇਡੀਅਨ ਸ਼ਰਧਾਂਜਲੀ, ਸਬੈਸਟੀਅਨ ਵਿਡੇਲਾ ਇੱਕ 20' ਯੂਨੀਸਾਈਕਲ 'ਤੇ, ਅਤੇ ਕਾਮੇਡੀ ਦੇ ਨਾਲ ਹੋਰ ਬਹੁਤ ਕੁਝ ਹੋਵੇਗਾ।




# ਕੋਵਿਡ-19 ਮਹਾਂਮਾਰੀ ਦੌਰਾਨ ਅਹਿਮ ਭੂਮਿਕਾ ਨਿਭਾਉਣ ਵਾਲੇ ਡਾਕਟਰ ਈਲੀਨ ਡੀ ਵਿਲਾ ਵੱਲੋਂ ਅਸਤੀਫ਼ੇ ਦਾ ਐਲਾਨ



ਸ਼ਹਿਰ ਦੇ ਸੀਨੀਅਰ ਤੇ ਸਿਖਰਲੇ ਜਨਤਕ ਸਿਹਤ ਅਧਿਕਾਰੀ ਵਜੋਂ ਕੋਵਿਡ-19 ਮਹਾਂਮਾਰੀ ਦੁਆਰਾ ਟੋਰਾਂਟੋ ਦੀ ਅਗਵਾਈ ਕਰਨ ਵਾਲੀ ਡਾਕਟਰ ਨੇ ਅਸਤੀਫਾ ਦੇ ਦਿੱਤਾ ਹੈ। ਡਾਕਟਰ ਈਲੀਨ ਡੀ ਵਿਲਾ ਨੇ ਮੰਗਲਵਾਰ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਇੱਕ ਵੀਡੀਓ ਸੰਦੇਸ਼ ਵਿੱਚ ਆਪਣੇ ਅਸਤੀਫੇ ਦਾ ਐਲਾਨ ਕੀਤਾ।ਇਸ ਦੌਰਾਨ ਡੀ ਵਿਲਾ ਨੇ ਕਿਹਾ ਕਿ ਟੋਰਾਂਟੋ ਦੇ ਮੈਡੀਕਲ ਅਫਸਰ ਆਫ਼ ਹੈਲਥ ਵਜੋਂ ਸੇਵਾ ਕਰਨਾ ਅਤੇ 2017 ਵਿੱਚ ਇਸ ਭੂਮਿਕਾ ਲਈ ਪਹਿਲੀ ਵਾਰ ਨਿਯੁਕਤ ਕੀਤੇ ਜਾਣ ਤੋਂ ਬਾਅਦ ਕੈਨੇਡਾ ਦੀ ਸਭ ਤੋਂ ਵੱਡੀ ਸਥਾਨਕ ਜਨਤਕ ਸਿਹਤ ਯੂਨਿਟ ਦੀ ਅਗਵਾਈ ਕਰਨਾ ਉਨ੍ਹਾਂ ਲਈ "ਵੱਖਰਾ ਸਨਮਾਨ ਅਤੇ ਵਿਸ਼ੇਸ਼ ਅਧਿਕਾਰ" ਰਿਹਾ ਹੈ। ਵਿਲਾ ਨੇ ਕਿਹਾ ਕਿ ਮੈਂ ਪਿਛਲੇ ਕਈ ਸਾਲਾਂ ਤੋਂ ਤੁਹਾਡੇ ਮੈਡੀਕਲ ਅਫਸਰ ਆਫ਼ ਹੈਲਥ ਵਜੋਂ ਸੇਵਾ ਕਰਨ ਦੇ ਤੁਹਾਡੇ ਵੱਲੋਂ ਦਿੱਤੇ ਸਨਮਾਨ ਲਈ ਅਤਿਅੰਤ ਧੰਨਵਾਦੀ। ਉਨ੍ਹਾਂ ਕਿਹਾ ਕਿ ਦਸੰਬਰ 31 ਨੂੰ ਆਪਣੀ ਡਿਊਟੀ ਖਤਮ ਕਰਨਗੇ।

# 5 ਸਾਲਾਂ ’ਚ ਦੁੱਗਣੀ ਹੋ ਗਈ ਅਨੁਰਾਗ ਦੀ ਜਾਇਦਾਦ, ਨਾਮਜ਼ਦਗੀ 'ਚ ਕੀਤਾ ਐਲਾਨ



ਹਮੀਰਪੁਰ ਸੰਸਦੀ ਹਲਕੇ ਤੋਂ ਉਮੀਦਵਾਰ ਸਤਪਾਲ ਰਾਏਜ਼ਾਦਾ ਕੋਲ 6.48 ਲੱਖ ਰੁਪਏ ਦੇ 90 ਗ੍ਰਾਮ ਸੋਨੇ ਦੇ ਗਹਿਣੇ ਹਨ। ਉੱਥੇ ਹੀ ਉਨ੍ਹਾਂ ਦੀ ਪਤਨੀ ਕੋਲ ਵੀ 12.24 ਲੱਖ ਰੁਪਏ ਦੇ 170 ਗ੍ਰਾਮ ਸੋਨੇ ਦੇ ਗਹਿਣੇ ਹਨ। ਉਨ੍ਹਾਂ ਦੇ ਦੋਵਾਂ ਪੁੱਤਰਾਂ ਕੋਲ ਮਾਤਾ-ਪਿਤਾ ਨਾਲੋਂ ਵੱਧ ਚੱਲ ਜਾਇਦਾਦ ਹੈ। ਰਾਏਜ਼ਾਦਾ ਕੋਲ 41.53 ਲੱਖ ਰੁਪਏ ਦੀ ਚੱਲ ਜਾਇਦਾਦ ਹੈ। ਉੱਥੇ ਹੀ ਪਤਨੀ ਕੋਲ 1.22 ਕਰੋੜ ਰੁਪਏ ਦੀ ਚੱਲ ਜਾਇਦਾਦ ਹੈ। ਦੋਵਾਂ ਪੁੱਤਰਾਂ ਕੋਲ 2.20 ਕਰੋੜ ਰੁਪਏ ਦੀ ਅਚੱਲ ਜਾਇਦਾਦ ਹੈ। ਸਤਪਾਲ ਸਿੰਘ ਰਾਏਜ਼ਾਦਾ ਦੀ ਅਚੱਲ ਜਾਇਦਾਦ ਦੀ ਗੱਲ ਕਰੀਏ ਤਾਂ ਉਨ੍ਹਾਂ ਕੋਲ 2.15 ਕਰੋੜ ਰੁਪਏ ਅਤੇ ਉਨ੍ਹਾਂ ਦੀ ਪਤਨੀ ਕੋਲ 9.88 ਕਰੋੜ ਰੁਪਏ ਤੋਂ ਵੱਧ ਦੀ ਅਚੱਲ ਜਾਇਦਾਦ ਹੈ। ਰਾਏਜ਼ਾਦਾ ’ਤੇ 21 ਲੱਖ ਰੁਪਏ ਅਤੇ ਉਨ੍ਹਾਂ ਦੀ ਪਤਨੀ ’ਤੇ 78 ਲੱਖ ਰੁਪਏ ਦਾ ਕਰਜ਼ਾ ਹੈ। ਰਾਏਜ਼ਾਦਾ ਕੋਲ 22 ਲੱਖ ਰੁਪਏ ਕੀਮਤ ਦੀ ਟੋਇਟਾ ਇਨੋਵਾ ਕਾਰ ਅਤੇ ਪੁੱਤਰ ਕੋਲ ਟੋਇਟਾ ਗਲੈਂਜ਼ਾ ਕਾਰ ਹੈ।

ਭਾਜਪਾ ਉਮੀਦਵਾਰ ਅਤੇ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਆਪਣੀ ਨਾਮਜ਼ਦਗੀ ਦੇ ਨਾਲ-ਨਾਲ ਆਪਣੀ ਜਾਇਦਾਦ ਦਾ ਐਲਾਨ ਵੀ ਕੀਤਾ ਹੈ। ਉਨ੍ਹਾਂ ਦੀ ਜਾਇਦਾਦ 5 ਸਾਲਾਂ ’ਚ ਦੁੱਗਣੀ ਹੋ ਗਈ ਹੈ। ਉਨ੍ਹਾਂ ਦੀ ਜਾਇਦਾਦ ’ਚ 5.30 ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਅਨੁਰਾਗ ਠਾਕੁਰ ਨੇ ਆਪਣੇ ਹਲਫਨਾਮੇ ’ਚ ਆਪਣੀ ਜਾਇਦਾਦ 10.97 ਕਰੋੜ ਰੁਪਏ ਦੱਸੀ ਹੈ। ਅਨੁਰਾਗ ਹਿਮਾਚਲ ਪ੍ਰਦੇਸ਼ ਦੀ ਹਮੀਰਪੁਰ ਲੋਕ ਸਭਾ ਸੀਟ ਤੋਂ ਚੋਣ ਲੜ ਰਹੇ ਹਨ। ਉਨ੍ਹਾਂ ਦਾ ਮੁਕਾਬਲਾ ਕਾਂਗਰਸ ਦੇ ਸਤਪਾਲ ਰਾਏਜ਼ਾਦਾ ਨਾਲ ਹੈ, ਜੋ ਪਹਿਲਾਂ ਵਿਧਾਇਕ ਵੀ ਰਹਿ ਚੁੱਕੇ ਹਨ। ਰਾਏਜ਼ਾਦਾ ਕੋਲ 2.5 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਹੈ।5 ਸਾਲਾਂ ਦੀਆਂ ਇਨਕਮ ਟੈਕਸ ਰਿਟਰਨਾਂ ’ਤੇ ਨਜ਼ਰ ਮਾਰੀਏ ਤਾਂ ਰਾਏਜ਼ਾਦਾ ਦੀ ਆਮਦਨ ਪਹਿਲਾਂ ਦੇ ਮੁਕਾਬਲੇ ਘੱਟ ਗਈ ਹੈ। ਸਾਲ 2022-23 ਦੀ ਆਮਦਨ ਟੈਕਸ ਰਿਟਰਨ ’ਚ ਸਤਪਾਲ ਰਾਏਜ਼ਾਦਾ ਦੀ ਆਮਦਨ 9.36 ਲੱਖ ਰੁਪਏ ਹੈ। ਸਾਲ 2018-19 ’ਚ ਇਹ 16.65 ਲੱਖ ਤੋਂ ਵੱਧ ਸੀ।ਜਾਣਕਾਰੀ ਮੁਤਾਬਕ ਅਨੁਰਾਗ ਠਾਕੁਰ ਨੇ 2014 ਦੀਆਂ ਲੋਕ ਸਭਾ ਚੋਣਾਂ ’ਚ ਆਪਣੀ ਚੱਲ ਅਤੇ ਅਚੱਲ ਜਾਇਦਾਦ 4.62 ਕਰੋੜ ਰੁਪਏ ਦੱਸੀ ਸੀ। 26 ਅਪ੍ਰੈਲ 2019 ਨੂੰ ਚੋਣ ਕਮਿਸ਼ਨ ਨੂੰ ਅਨੁਰਾਗ ਨੇ ਦਿੱਤੇ ਆਪਣੇ ਹਲਫਨਾਮੇ ’ਚ 5.67 ਕਰੋੜ ਰੁਪਏ ਦੀ ਜਾਇਦਾਦ ਦੱਸੀ ਸੀ। ਅਨੁਰਾਗ ਠਾਕੁਰ ਅਤੇ ਉਨ੍ਹਾਂ ਦੀ ਪਤਨੀ ਦੇ ਨਾਂ ’ਤੇ 3.25 ਲੱਖ ਰੁਪਏ ਅਤੇ 2.50 ਲੱਖ ਰੁਪਏ ਦੇ ਦੋ ਪਿਸਤੌਲਾਂ ਹਨ। ਇਨ੍ਹਾਂ ’ਚੋਂ ਇਕ ਬੈਲਜੀਅਮ ’ਚ ਬਣਿਆ ਹੈ। ਅਨੁਰਾਗ ਅਤੇ ਉਨ੍ਹਾਂ ਦੀ ਪਤਨੀ ਕੋਲ 55.51 ਲੱਖ ਰੁਪਏ ਦੇ ਸੋਨੇ ਦੇ ਗਹਿਣੇ ਹਨ। ਇਸ ਤੋਂ ਇਲਾਵਾ ਉਨ੍ਹਾਂ ਕੋਲ 1 ਲੱਖ ਰੁਪਏ ਦਾ ਕੀਮਤੀ ਸਟੋਨ ਵੀ ਹਨ। ਉਨ੍ਹਾਂ ਕੋਲ ਧਰਮਸ਼ਾਲਾ, ਕੁੱਲੂ, ਸਮੀਰਪੁਰ ਅਤੇ ਪੰਜਾਬ ਦੇ ਜਲੰਧਰ, ਕਪੂਰਥਲਾ ’ਚ ਲੱਖਾਂ ਰੁਪਏ ਦੇ ਪਲਾਟ ਅਤੇ ਮਕਾਨ ਹਨ। ਅਨੁਰਾਗ ਠਾਕੁਰ ਨੇ ਸ਼ੇਅਰ ਬਾਜ਼ਾਰ ’ਚ 47 ਲੱਖ ਰੁਪਏ ਨਿਵੇਸ਼ ਕੀਤੇ। ਅਨੁਰਾਗ ਦੇ ਪੁੱਤਰ ਜੈ ਆਦਿਤਿਆ ਸਿੰਘ ਕੋਲ 1.33 ਲੱਖ ਅਤੇ ਉਦੇਵੀਰ ਸਿੰਘ ਕੋਲ 81 ਹਜ਼ਾਰ ਰੁਪਏ ਦੀ ਜਾਇਦਾਦ ਹੈ।

# 'ਖ਼ਤਰਨਾਕ' ਐਲਾਨੀ ਗਈ ਇਮਾਰਤ ਦਾ ਇਕ ਹਿੱਸਾ ਹੋਇਆ ਢਹਿ-ਢੇਰੀ, ਮਸਾਂ ਬਚਾਏ 6 ਲੋਕ



ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਦੇ ਭਿਵੰਡੀ ਸ਼ਹਿਰ ਵਿਚ ਦੋ ਮੰਜ਼ਿਲਾ ਇਮਾਰਤ ਦਾ ਇਕ ਹਿੱਸਾ ਢਹਿ ਗਿਆ। ਨਗਰ ਨਿਗਮ ਦੇ ਅਧਿਕਾਰੀਆਂ ਨੇ ਬੁੱਧਵਾਰ ਯਾਨੀ ਕਿ ਅੱਜ ਇਹ ਜਾਣਕਾਰੀ ਦਿੱਤੀ। ਇਮਾਰਤ ਨੂੰ ਪਹਿਲਾਂ ਹੀ 'ਖਤਰਨਾਕ' ਐਲਾਨਿਆ ਹੋਇਆ ਸੀ। ਭਿਵੰਡੀ ਨਿਜ਼ਾਮਪੁਰ ਨਗਰ ਨਿਗਮ ਦੇ ਆਫ਼ਤ ਪ੍ਰਬੰਧਨ ਸੈੱਲ ਦੇ ਮੁਖੀ ਰਾਜੀ ਵਾਰਲੀਕਰ ਨੇ ਦੱਸਿਆ ਕਿ ਮੰਗਰਵਾਰ ਰਾਤ ਕਰੀਬ 10 ਵਜੇ ਹਾਦਸਾ ਵਾਪਰਿਆ ਸੀ। ਜਿਸ ਤੋਂ ਬਾਅਦ ਇਮਾਰਤ 'ਚੋਂ ਬਹੁਤ ਹੀ ਮੁਸ਼ਕਲ ਨਾਲ 6 ਲੋਕਾਂ ਨੂੰ ਸੁਰੱਖਿਆ ਬਾਹਰ ਕੱਢਿਆ ਗਿਆ। ਵਾਰਲੀਕਰ ਨੇ ਦੱਸਿਆ ਕਿ ਭੰਡਾਰੀ ਕੰਪਲੈਕਸ ਵਿਚ ਸਥਿਤ 15 ਮਕਾਨਾਂ ਵਾਲੀ ਇਸ ਇਮਾਰਤ ਨੂੰ ਖ਼ਤਰਨਾਕ ਅਤੇ ਨਾ ਰਹਿਣ ਯੋਗ ਕਰਾਰ ਦਿੱਤਾ ਗਿਆ ਸੀ। ਵਾਰਲੀਕਰ ਨੇ ਦੱਸਿਆ ਕਿ ਇਮਾਰਤ ਦੇ ਮਾਲਕ ਨੂੰ ਇਸ ਨੂੰ ਖਾਲੀ ਕਰਾਉਣ ਦਾ ਨਿਰਦੇਸ਼ ਦਿੱਤਾ ਗਿਆ ਸੀ। ਘਟਨਾ ਦੀ ਸੂਚਨਾ ਮਿਲਣ ਮਗਰੋਂ ਫਾਇਰ ਵਿਭਾਗ ਦੇ ਸਥਾਨਕ ਕਰਮੀ ਅਤੇ ਆਫ਼ਤ ਪ੍ਰਬੰਧਨ ਦੀ ਟੀਮ ਮੌਕੇ 'ਤੇ ਪਹੁੰਚੀ। ਭਿਵੰਡੀ ਨਗਰ ਨਿਗਮ ਕਮਿਸ਼ਨਰ ਅਜੇ ਵੈਧ ਨੇ ਰਾਹਤ ਅਤੇ ਬਚਾਅ ਕੰਮ ਦਾ ਨਿਰੀਖਣ ਕੀਤਾ। ਵਾਰਲੀਕਰ ਮੁਤਾਬਕ ਬੁੱਧਵਾਰ ਨੂੰ ਇਮਾਰਤ ਨੂੰ ਜ਼ਮੀਂਦੋਜ ਕਰ ਦਿੱਤਾ ਜਾਵੇਗਾ। ਸਾਨੂੰ ਸਖ਼ਤ ਨਿਰਦੇਸ਼ ਹਨ ਕਿ ਮੀਂਹ ਤੋਂ ਪਹਿਲਾਂ ਖ਼ਤਰਨਾਕ ਇਮਾਰਤਾਂ ਨੂੰ ਖਾਲੀ ਕਰਵਾ ਲਿਆ ਜਾਵੇ ਅਤੇ ਉਨ੍ਹਾਂ ਨੂੰ ਜ਼ਮੀਂਦੋਜ ਕਰ ਦਿੱਤਾ ਜਾਵੇ। ਅਸੀਂ ਇਸ ਮਾਮਲੇ ਵਿਚ ਵੀ ਅਜਿਹਾ ਹੀ ਕਰਾਂਗੇ।

# ਕੇਂਦਰੀ ਮੰਤਰੀ ਜੋਤੀਰਾਦਿੱਤਿਆ ਸਿੰਧੀਆ ਦੀ ਮਾਂ ਦਾ ਦਿਹਾਂਤ, ਦਿੱਲੀ ਏਮਜ਼ 'ਚ ਲਿਆ ਆਖ਼ਰੀ ਸਾਹ

ਕੇਂਦਰੀ ਮੰਤਰੀ ਜੋਤੀਰਾਦਿਤਿਆ ਸਿੰਧੀਆ ਦੀ ਮਾਂ ਮਾਧਵੀ ਰਾਜੇ ਸਿੰਧੀਆ ਦਾ ਬੁੱਧਵਾਰ ਸਵੇਰੇ ਦਿੱਲੀ ਦੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਏਮਜ਼) 'ਚ ਦਿਹਾਂਤ ਹੋ ਗਿਆ। ਉਹ 70 ਸਾਲ ਦੀ ਸੀ। ਇਕ ਸੂਤਰ ਨੇ ਇਹ ਜਾਣਕਾਰੀ ਦਿੱਤੀ। ਸੂਤਰ ਨੇ ਦੱਸਿਆ ਕਿ ਉਨ੍ਹਾਂ ਨੇ ਸਵੇਰੇ 9.28 ਵਜੇ ਆਖਰੀ ਸਾਹ ਲਿਆ। ਉਹ ਪਿਛਲੇ ਕੁਝ ਦਿਨਾਂ ਤੋਂ 'ਵੈਂਟੀਲੇਟਰ' 'ਤੇ ਸੀ। ਸੂਤਰ ਨੇ ਦੱਸਿਆ ਕਿ ਉਨ੍ਹਾਂ ਦਾ ਪਿਛਲੇ ਤਿੰਨ ਮਹੀਨਿਆਂ ਤੋਂ ਏਮਜ਼ 'ਚ ਇਲਾਜ ਚੱਲ ਰਿਹਾ ਸੀ। ਉਹ ਨਿਮੋਨੀਆ ਦੇ ਨਾਲ-ਨਾਲ ਸੇਪਸਿਸ ਤੋਂ ਵੀ ਪੀੜਤ ਸੀ। ਦਿੱਲੀ 'ਚ ਦਿਹਾਂਤ ਮਗਰੋਂ ਮਾਧਵੀ ਰਾਜੇ ਦੇ ਮਰਹੂਮ ਸਰੀਰ ਨੂੰ ਅੰਤਿਮ ਸੰਸਕਾਰ ਲਈ ਮੱਧ ਪ੍ਰਦੇਸ਼ ਦੇ ਗੁਣਾ ਲਿਆਂਦਾ ਜਾਵੇਗਾ।ਜੋਤੀਰਾਦਿੱਤਿਆ ਸਿੰਧੀਆ ਗੁਣਾ-ਸ਼ਿਵਪੁਰੀ ਸੰਸਦੀ ਸੀਟ ਤੋਂ ਭਾਜਪਾ ਦੇ ਉਮੀਦਵਾਰ ਹਨ, ਜਿੱਥੇ 7 ਮਈ ਨੂੰ ਵੋਟਾਂ ਪਈਆਂ ਸਨ। ਚੋਣ ਪ੍ਰਚਾਰ ਦੌਰਾਨ ਵੀ ਸਿੰਧੀਆ ਦਾ ਲਗਾਤਾਰ ਦਿੱਲੀ ਦੌਰਾ ਹੁੰਦਾ ਰਿਹਾ ਸੀ। ਦੱਸ ਦੇਈਏ ਕਿ ਭਾਜਪਾ ਦੇ ਕੱਦਾਵਰ ਨੇਤਾ ਅਤੇ ਕੇਂਦਰੀ ਮੰਤਰੀ ਜੋਤੀਰਾਦਿੱਤਿਆ ਸਿੰਧੀਆ ਦੀ ਮਾਂ ਰਾਜਮਾਤਾ ਮਾਧਵੀ ਰਾਜੇ ਸਿੰਧੀਆ ਮੂਲ ਰੂਪ ਤੋਂ ਨੇਪਾਲ ਦੀ ਰਹਿਣ ਵਾਲੀ ਸੀ। ਉਨ੍ਹਾਂ ਦਾ ਨੇਪਾਲ ਦੇ ਰਾਜਘਰਾਨੇ ਨਾਲ ਸਬੰਧ ਸੀ। ਉਨ੍ਹਾਂ ਦੇ ਦਾਦਾ ਸ਼ਮਸ਼ੇਰ ਬਹਾਦੁਰ ਨੇਪਾਲ ਦੇ ਪ੍ਰਧਾਨ ਮੰਤਰੀ ਸਨ। ਉਨ੍ਹਾਂ ਦਾ ਵਿਆਹ ਸਾਲ 1966 ਵਿਚ ਮਾਧਵਰਾਓ ਸਿੰਧੀਆ ਨਾਲ ਹੋਇਆ ਸੀ।



## ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸਬ-ਡਵੀਜ਼ਨ ਨਾਭਾ ’ਚ ਪੁਲਸ ਵੱਲੋਂ ਚੱਪੇ-ਚੱਪੇ ’ਤੇ ਚੈਕਿੰਗ



ਲੋਕ ਸਭਾ ਚੋਣਾਂ ਦੀ ਤਾਰੀਖ਼ ਜਿਵੇਂ-ਜਿਵੇਂ ਨੇੜੇ ਆ ਰਹੀ ਹੈ। ਤਿਵੇਂ-ਤਿਵੇਂ ਹੀ ਪੁਲਸ ਵੱਲੋਂ ਇਲਾਕੇ ਦੀ ਚੈਕਿੰਗ ਵਧਾਈ ਗਈ ਹੈ। ਐੱਸ. ਐੱਸ. ਪੀ. ਪਟਿਆਲਾ ਵਰੁਣ ਸ਼ਰਮਾ ਦੀਆਂ ਹਦਾਇਤਾਂ ਅਨੁਸਾਰ ਡੀ. ਐੱਸ. ਪੀ. ਨਾਭਾ ਦਵਿੰਦਰ ਅੱਤਰੀ ਵੱਲੋਂ ਸਬ-ਡਵੀਜ਼ਨ ਨਾਭਾ ਦੇ ਸਮੁੱਚੇ ਇਲਾਕੇ ’ਚ ਆਉਣ-ਜਾਣ ਵਾਲੀਆਂ ਗੱਡੀਆਂ ਦੀ ਤਲਾਸ਼ੀ ਲਈ ਜਾ ਰਹੀ ਹੈ। ਗਲਤ ਅਨਸਰਾਂ ’ਤੇ ਸ਼ਿਕੰਜਾ ਕੱਸਣ ਲਈ ਸਬ-ਡਵੀਜ਼ਨ ਅਧੀਨ ਥਾਣਾ ਸਦਰ, ਕੋਤਵਾਲੀ ਨਾਭਾ, ਥਾਣਾ ਭਾਦਸੋਂ, ਗਲਵੱਟੀ ਚੌਕੀ, ਦੰਦਰਾਲਾ ਚੌਕੀ ਅਤੇ ਰੋਹਟੀ ਪੁਲਸ ਚੌਕੀ ਦੀ ਸਮੁੱਚੀ ਪੁਲਸ ਵੱਲੋਂ ਵੱਖ-ਵੱਖ ਥਾਵਾਂ ’ਤੇ ਜਾ ਕੇ ਚੱਪੇ-ਚੱਪੇ ਦੀ ਚੈਕਿੰਗ ਕੀਤੀ ਜਾ ਰਹੀ ਹੈ। ਚੋਣਾਂ ਦੇ ਮੱਦੇਨਜ਼ਰ ਮੁੱਖ ਚੋਣ ਕਮਿਸ਼ਨ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਆਦਰਸ਼ ਚੋਣ ਜ਼ਾਬਤਾ ਲਾਗੂ ਕਰਵਾਉਣ ਲਈ ਪੁਲਸ ਪੱਬਾਂ-ਭਾਰ ਹੋਈ ਪਈ ਹੈ।

ਇਸੇ ਮੁਹਿੰਮ ਤਹਿਤ ਕੋਤਵਾਲੀ ਦੇ ਹੋਣਹਾਰ ਐੱਸ. ਐੱਚ. ਓ. ਗੁਰਪ੍ਰੀਤ ਸਿੰਘ ਸਮਰਾਓ, ਥਾਣਾ ਭਾਦਸੋਂ ਇੰਚਾਰਜ ਇੰਦਰਜੀਤ ਸਿੰਘ ਅਤੇ ਥਾਣਾ ਸਦਰ ਦੇ ਐੱਸ. ਐੱਚ. ਓ. ਸੁਖਦੇਵ ਸਿੰਘ ਦੀ ਅਗਵਾਈ ਹੇਠ ਵੱਖ-ਵੱਖ ਪੁਲਸ ਪਾਰਟੀਆਂ ਵੱਲੋਂ ਰੋਹਟੀ ਪੁਲ, ਨਾਭਾ ਭਵਾਨੀਗੜ੍ਹ ਰੋਡ ’ਤੇ ਨਾਭਾ ਮਾਲੇਰਕੋਟਲਾ ਰੋਡ ’ਤੇ ਨਾਕੇ ਲਗਾ ਕੇ ਆਉਣ-ਜਾਣ ਵਾਲੀਆਂ ਗੱਡੀਆਂ ਦੀ ਤਲਾਸ਼ੀ ਕੀਤੀ ਜਾ ਰਹੀ ਹੈ। ਸਖਤ ਪ੍ਰਬੰਧਾਂ ਦੇ ਚਲਦਿਆਂ ਚੋਣ ਕਮਿਸ਼ਨ ਦੀਆਂ ਹਦਾਇਤਾਂ ’ਤੇ ਸ਼ਹਿਰ ਦੇ ਵੱਖ-ਵੱਖ ਚੌਕਾਂ ’ਚ ਨਾਕੇ ਲਗਾ ਕੇ ਵਾਹਨਾਂ ਦੀ ਚੈਕਿੰਗ ਵੀ ਕੀਤੀ ਜਾ ਰਹੀ ਹੈ। ਇਸ ਦੌਰਾਨ ਬਿਨ੍ਹਾਂ ਨੰਬਰ ਅਤੇ ਬਿਨ੍ਹਾਂ ਕਾਗਜ਼ਾਂ ਤੋਂ ਚਲਦੇ ਵਾਹਨਾਂ ਦੇ ਚਾਲਕਾਂ ਕੋਲੋਂ ਵੀ ਪੁੱਛਗਿੱਛ ਜਾਰੀ ਹੈ।

ਲੋਕ ਸਭਾ ਚੋਣਾਂ ਦੀ ਤਾਰੀਖ਼ ਜਿਵੇਂ-ਜਿਵੇਂ ਨੇੜੇ ਆ ਰਹੀ ਹੈ। ਤਿਵੇਂ-ਤਿਵੇਂ ਹੀ ਪੁਲਸ ਵੱਲੋਂ ਇਲਾਕੇ ਦੀ ਚੈਕਿੰਗ ਵਧਾਈ ਗਈ ਹੈ। ਐੱਸ. ਐੱਸ. ਪੀ. ਪਟਿਆਲਾ ਵਰੁਣ ਸ਼ਰਮਾ ਦੀਆਂ ਹਦਾਇਤਾਂ ਅਨੁਸਾਰ ਡੀ. ਐੱਸ. ਪੀ. ਨਾਭਾ ਦਵਿੰਦਰ ਅੱਤਰੀ ਵੱਲੋਂ ਸਬ-ਡਵੀਜ਼ਨ ਨਾਭਾ ਦੇ ਸਮੁੱਚੇ ਇਲਾਕੇ ’ਚ ਆਉਣ-ਜਾਣ ਵਾਲੀਆਂ ਗੱਡੀਆਂ ਦੀ ਤਲਾਸ਼ੀ ਲਈ ਜਾ ਰਹੀ ਹੈ। ਗਲਤ ਅਨਸਰਾਂ ’ਤੇ ਸ਼ਿਕੰਜਾ ਕੱਸਣ ਲਈ ਸਬ-ਡਵੀਜ਼ਨ ਅਧੀਨ ਥਾਣਾ ਸਦਰ, ਕੋਤਵਾਲੀ ਨਾਭਾ, ਥਾਣਾ ਭਾਦਸੋਂ, ਗਲਵੱਟੀ ਚੌਕੀ, ਦੰਦਰਾਲਾ ਚੌਕੀ ਅਤੇ ਰੋਹਟੀ ਪੁਲਸ ਚੌਕੀ ਦੀ ਸਮੁੱਚੀ ਪੁਲਸ ਵੱਲੋਂ ਵੱਖ-ਵੱਖ ਥਾਵਾਂ ’ਤੇ ਜਾ ਕੇ ਚੱਪੇ-ਚੱਪੇ ਦੀ ਚੈਕਿੰਗ ਕੀਤੀ ਜਾ ਰਹੀ ਹੈ। ਚੋਣਾਂ ਦੇ ਮੱਦੇਨਜ਼ਰ ਮੁੱਖ ਚੋਣ ਕਮਿਸ਼ਨ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਆਦਰਸ਼ ਚੋਣ ਜ਼ਾਬਤਾ ਲਾਗੂ ਕਰਵਾਉਣ ਲਈ ਪੁਲਸ ਪੱਬਾਂ-ਭਾਰ ਹੋਈ ਪਈ ਹੈ।

ਇਸੇ ਮੁਹਿੰਮ ਤਹਿਤ ਕੋਤਵਾਲੀ ਦੇ ਹੋਣਹਾਰ ਐੱਸ. ਐੱਚ. ਓ. ਗੁਰਪ੍ਰੀਤ ਸਿੰਘ ਸਮਰਾਓ, ਥਾਣਾ ਭਾਦਸੋਂ ਇੰਚਾਰਜ ਇੰਦਰਜੀਤ ਸਿੰਘ ਅਤੇ ਥਾਣਾ ਸਦਰ ਦੇ ਐੱਸ. ਐੱਚ. ਓ. ਸੁਖਦੇਵ ਸਿੰਘ ਦੀ ਅਗਵਾਈ ਹੇਠ ਵੱਖ-ਵੱਖ ਪੁਲਸ ਪਾਰਟੀਆਂ ਵੱਲੋਂ ਰੋਹਟੀ ਪੁਲ, ਨਾਭਾ ਭਵਾਨੀਗੜ੍ਹ ਰੋਡ ’ਤੇ ਨਾਭਾ ਮਾਲੇਰਕੋਟਲਾ ਰੋਡ ’ਤੇ ਨਾਕੇ ਲਗਾ ਕੇ ਆਉਣ-ਜਾਣ ਵਾਲੀਆਂ ਗੱਡੀਆਂ ਦੀ ਤਲਾਸ਼ੀ ਕੀਤੀ ਜਾ ਰਹੀ ਹੈ। ਸਖਤ ਪ੍ਰਬੰਧਾਂ ਦੇ ਚਲਦਿਆਂ ਚੋਣ ਕਮਿਸ਼ਨ ਦੀਆਂ ਹਦਾਇਤਾਂ ’ਤੇ ਸ਼ਹਿਰ ਦੇ ਵੱਖ-ਵੱਖ ਚੌਕਾਂ ’ਚ ਨਾਕੇ ਲਗਾ ਕੇ ਵਾਹਨਾਂ ਦੀ ਚੈਕਿੰਗ ਵੀ ਕੀਤੀ ਜਾ ਰਹੀ ਹੈ। ਇਸ ਦੌਰਾਨ ਬਿਨ੍ਹਾਂ ਨੰਬਰ ਅਤੇ ਬਿਨ੍ਹਾਂ ਕਾਗਜ਼ਾਂ ਤੋਂ ਚਲਦੇ ਵਾਹਨਾਂ ਦੇ ਚਾਲਕਾਂ ਕੋਲੋਂ ਵੀ ਪੁੱਛਗਿੱਛ ਜਾਰੀ ਹੈ।

## ਭਲਕੇ ਪੰਜਾਬ ਆਉਣਗੇ ਕੇਜਰੀਵਾਲ, ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਮਗਰੋਂ ਕਰਨਗੇ ਚੋਣ ਪ੍ਰਚਾਰ



ਪੰਜਾਬ ਸਰਕਾਰ ਜਨਵਰੀ ਵਿੱਚ ਚੋਣ ਮੋਡ ਵਿੱਚ ਆ ਗਈ ਸੀ। ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਰੇ ਲੋਕ ਸਭਾ ਹਲਕਿਆਂ ਵਿੱਚ ਵਿਕਾਸ ਰੈਲੀਆਂ ਕੀਤੀਆਂ ਗਈਆਂ। ਇਸ ਵਿੱਚ ਕਰੋੜਾਂ ਰੁਪਏ ਦੇ ਵਿਕਾਸ ਪ੍ਰੋਜੈਕਟ ਸ਼ੁਰੂ ਕੀਤੇ ਗਏ। ਇਸ ਦੌਰਾਨ ਲੋਕਾਂ ਦੇ ਘਰ-ਘਰ ਰਾਸ਼ਨ ਪਹੁੰਚਾਉਣ, ਪਲਾਟਾਂ ਲਈ ਐਨਓਸੀ ਖ਼ਤਮ ਕਰਨ ਅਤੇ 10 ਲੱਖ ਲੋਕਾਂ ਦੇ ਰਾਸ਼ਨ ਕਾਰਡਾਂ ਦੀ ਬਹਾਲੀ ਆਦਿ ਵੀ ਕੀਤੇ ਗਏ। ਨਾਲ ਹੀ ਜੇਲ੍ਹ ਜਾਣ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਨੇ ਮੋਹਾਲੀ ‘ਚ ਸੰਸਦ ‘ਚ ਭਗਵੰਤ ਮਾਨ ਦੀ ਤਾਰੀਫ ਕਰਕੇ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ।ਸ਼ਰਾਬ ਨੀਤੀ ਮਾਮਲੇ ‘ਚ ਜੇਲ ਤੋਂ ਬਾਹਰ ਆਏ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਭਲਕੇ ਪੰਜਾਬ ਆਉਣਗੇ, ਇਸ ਦੌਰਾਨ ਉਹ ਅੰਮ੍ਰਿਤਸਰ ਤੋਂ ਚੋਣ ਪ੍ਰਚਾਰ ਕਰਨਗੇ। ਇਸ ਤੋਂ ਪਹਿਲਾਂ ਉਹ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣਗੇ। ਸ਼ਾਮ 6 ਵਜੇ ਰੋਡ ਸ਼ੋਅ ਵੀ ਹੋਵੇਗਾ।

ਰੋਡ ਸ਼ੋਅ ਵਿੱਚ ਉਨ੍ਹਾਂ ਨਾਲ ਸੀਐਮ ਭਗਵੰਤ ਮਾਨ ਵੀ ਮੌਜੂਦ ਰਹਿਣਗੇ।ਸੂਬੇ ਵਿੱਚ ਚੋਣਾਂ ਲਈ ਸਿਰਫ਼ 15 ਦਿਨ ਬਾਕੀ ਹਨ। ਵੋਟਿੰਗ 1 ਜੂਨ ਨੂੰ ਹੋਣੀ ਹੈ। ਅਜਿਹੇ ‘ਚ ਹੁਣ ਸੂਬੇ ‘ਚ ਸਿਆਸੀ ਪਾਰਾ ਵਧਣ ਦੀ ਸੰਭਾਵਨਾ ਹੈ। ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਭਾਵੇਂ ਅਰਵਿੰਦ ਕੇਜਰੀਵਾਲ ਦੀ ਇਹ ਪਹਿਲੀ ਪੰਜਾਬ ਫੇਰੀ ਹੈ, ਪਰ ਜਦੋਂ ਉਹ ਜੇਲ੍ਹ ਵਿੱਚ ਸਨ ਤਾਂ ਵੀ ਉਹ ਚੋਣਾਂ ਨੂੰ ਲੈ ਕੇ ਹਮੇਸ਼ਾ ਰਣਨੀਤੀ ਘੜਦੇ ਰਹਿੰਦੇ ਸਨ। ਇੰਨਾ ਹੀ ਨਹੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਚੋਣਾਂ ਨੂੰ ਲੈ ਕੇ ਕਰੀਬ ਇੱਕ ਮਹੀਨੇ ਵਿੱਚ ਦੋ ਵਾਰ ਜੇਲ੍ਹ ਵਿਚ ਜਾ ਕੇ ਮਿਲ ਚੁੱਕੇ ਹਨ ਅਤੇ ਉਨ੍ਹਾਂ ਨਾਲ ਮੀਟਿੰਗਾਂ ਵੀ ਕਰ ਚੁੱਕੇ ਹਨ। ਉਨ੍ਹਾਂ ਨੂੰ ਸੂਬੇ ਸਮੇਤ ਪੂਰੇ ਦੇਸ਼ ਦੇ ਸਿਆਸੀ ਮਾਹੌਲ ਬਾਰੇ ਵੀ ਜਾਣਕਾਰੀ ਦਿੱਤੀ ਗਈ।


## ਨਗਰ ਨਿਗਮ ਨੇ ਬਿੱਟੂ ’ਤੇ ਹੀ ਭੰਨ੍ਹਿਆ NOC ਜਾਰੀ ਕਰਨ ’ਚ ਹੋਈ ਦੇਰੀ ਦਾ ਠੀਕਰਾ

ਨਗਰ ਨਿਗਮ ਵੱਲੋਂ ਭਾਵੇਂ ਸੰਸਦ ਮੈਂਬਰ ਰਵਨੀਤ ਬਿੱਟੂ ਵੱਲੋਂ ਅਪਲਾਈ ਕੀਤੀ ਗਈ ਐੱਨ. ਓ. ਸੀ. ਦੀ ਅਰਜ਼ੀ ਪੈਂਡਿੰਗ ਰੱਖਣ ਦੇ ਦੋਸ਼ ’ਚ 2 ਮੁਲਾਜ਼ਮਾਂ ਨੂੰ ਸਸਪੈਂਡ ਕਰਨ ਸਮੇਤ 3 ਖ਼ਿਲਾਫ਼ ਕਾਰਵਾਈ ਕਰਨ ਲਈ ਸਰਕਾਰ ਨੂੰ ਸਿਫਾਰਿਸ਼ ਭੇਜੀ ਗਈ ਹੈ ਪਰ ਨਾਲ ਹੀ ਇਸ ਪ੍ਰਕਿਰਿਆ ’ਚ ਹੋਈ ਦੇਰੀ ਲਈ ਬਿੱਟੂ ’ਤੇ ਵੀ ਠੀਕਰਾ ਭੰਨ੍ਹਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਮਾਮਲੇ ’ਚ ਬਿੱਟੂ ਵੱਲੋਂ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਗਈ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਲੁਧਿਆਣਾ ਤੋਂ ਭਾਜਪਾ ਉਮੀਦਵਾਰ ਦੇ ਤੌਰ ’ਤੇ ਨਾਮਜ਼ਦਗੀ ਦਾਖ਼ਲ ਕਰਨ ਲਈ ਅਪਲਾਈ ਕੀਤੀ ਗਈ ਐੱਨ. ਓ. ਸੀ. ਨੂੰ ਨਗਰ ਨਿਗਮ ’ਚ 48 ਘੰਟਿਆਂ ਦੀ ਡੈੱਡਲਾਈਨ ਤੋਂ ਜ਼ਿਆਦਾ ਸਮੇਂ ਤੱਕ ਪੈਂਡਿੰਗ ਰੱਖਿਆ ਗਿਆ, ਜਿਸ ’ਤੇ ਚੀਫ ਇਲੈਕਸ਼ਨ ਕਮਿਸ਼ਨਰ ਵੱਲੋਂ ਲੋਕਲ ਬਾਡੀਜ਼ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਤੋਂ ਰਿਪੋਰਟ ਮੰਗੀ ਗਈ ਹੈ।



# ‘ਲਾਪਤਾ ਲੇਡੀਜ਼’ ਤੇ ‘ਸ਼ੈਤਾਨ’ ਹੁਣ ਭਾਰਤ ਤੇ ਵਿਸ਼ਵ ਪੱਧਰ ’ਤੇ ਓ. ਟੀ. ਟੀ. ’ਤੇ ਚਮਕਣਗੀਆਂ





ਜੀਓ ਸਟੂਡੀਓਜ਼ ਦੀਆਂ ਹਾਲੀਆ ਰਿਲੀਜ਼ਾਂ ‘ਆਰਟੀਕਲ 370’, ‘ਲਾਪਤੇ ਲੇਡੀਜ਼’ ਤੇ ‘ਸ਼ੈਤਾਨ’ ਸਣੇ ਵਿਸ਼ਵ ਪੱਧਰ ’ਤੇ ਓ. ਟੀ. ਟੀ. ਪਲੇਟਫਾਰਮ ‘ਤੇ ਦਰਸ਼ਕਾਂ ਨੂੰ ਆਕਰਸ਼ਿਤ ਕਰ ਰਹੀਆਂ ਹਨ। 29 ਅਪ੍ਰੈਲ ਤੋਂ 5 ਮਈ ਦੇ ਹਫ਼ਤੇ ਲਈ ਨੈੱਟਫਲਿਕਸ ਦੁਆਰਾ ਰਿਲੀਜ਼ ਕੀਤੀਆਂ ਗਈਆਂ ਫਿਲਮਾਂ ਲਈ ਵਿਸ਼ਵਵਿਆਪੀ ਸਿਖਰ 10 ਦਰਜਾਬੰਦੀ ’ਚ ‘ਲਾਪਤਾ ਲੇਡੀਜ਼’ 5,600,000 ਵਿਊਜ਼ ਨਾਲ ਤੀਜੇ ਨੰਬਰ ’ਤੇ ਤੇ 3,200,000 ਵਿਊਜ਼ ਦੇ ਨਾਲ ‘ਸ਼ੈਤਾਨ’ ਚੌਥੇ ਨੰਬਰ ’ਤੇ ਰਹੀ। ਇਸ ਤੋਂ ਇਲਾਵਾ ਪਿਛਲੇ ਹਫਤਿਆਂ ਤੋਂ ‘ਸ਼ੈਤਾਨ’, ‘ਲਾਪਤਾ ਲੇਡੀਜ਼’ ਤੇ ‘ਆਰਟੀਕਲ 370’ ਕ੍ਰਮਵਾਰ 1, 2 ਤੇ 3 ਨੰਬਰ ’ਤੇ ਰਹੀਆਂ। 3-9 ਮਈ ਦੇ ਹਫ਼ਤੇ ਲਈ ਬਜ਼ ਇਨ ਇੰਡੀਆ ਦੇ ਆਧਾਰ ’ਤੇ ਭਾਰਤ ’ਚ ਓ.ਟੀ. ਟੀ. ’ਤੇ ਚੋਟੀ ਦੀਆਂ ਥੀਏਟਰਿਕ ਫਿਲਮਾਂ ਦੇ ਆਰਮੈਕਸ ਸਟ੍ਰੀਮ ਟਰੈਕ ’ਤੇ ‘ਸ਼ੈਤਾਨ’ ਨੂੰ ਨੰਬਰ 1 ਤੇ ‘ਆਰਟੀਕਲ 370’ ਨੂੰ ਨੰਬਰ 2 ਦਾ ਦਰਜਾ ਦਿੱਤਾ ਗਿਆ ਹੈ।ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਤਿੰਨੋਂ ਫਿਲਮਾਂ ‘ਆਰਟੀਕਲ 370’, ‘ਲਾਪਤਾ ਲੇਡੀਜ਼’ ਤੇ ‘ਸ਼ੈਤਾਨ’ ਨੈੱਟਫਲਿਕਸ ’ਤੇ ਆਪਣੇ ਡਿਜੀਟਲ ਰਿਲੀਜ਼ ਹੋਣ ਤੋਂ ਬਾਅਦ ਵੀ ਸਿਨੇਮਾਘਰਾਂ ’ਚ ਆਪਣਾ ਸੁਪਨਾ ਜਾਰੀ ਰੱਖ ਰਹੀਆਂ ਹਨ ਤੇ ਕੋਈ ਰੋਕ ਨਹੀਂ ਰਿਹਾ ਹੈ।

# ਅਦਾਕਾਰਾ ਰਾਖੀ ਸਾਵੰਤ ਨੂੰ ਪਿਆ ਦਿਲ ਦਾ ਦੌਰਾ! ਹਸਪਤਾਲ ਤੋਂ ਵਾਇਰਲ ਹੋਈਆਂ ਤਸਵੀਰਾਂ

ਬਾਲੀਵੁੱਡ ਦੀ 'ਡਰਾਮਾ ਕੁਈਨ' ਰਾਖੀ ਸਾਵੰਤ ਦੀ ਅਚਾਨਕ ਤਬੀਅਤ ਖਰਾਬ ਹੋਣ ਕਾਰਨ ਉਸ ਨੂੰ ਮੁੰਬਈ ਦੇ ਇੱਕ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਇਸ ਦੌਰਾਨ ਦੀਆਂ ਕੁਝ ਤਸਵੀਰਾਂ ਉਮਰ ਸੰਧੂ ਨਾਂ ਦੇ ਵਿਅਕਤੀ ਨੇ ਸੋਸ਼ਲ ਮੀਡੀਆ 'ਤੇ ਸ਼ੇਅਰ ਕਰਦਿਆਂ ਲਿਖਿਆ-ਰਾਖੀ ਨੂੰ ਦਿਲ ਦਾ ਦੌਰਾ ਪਿਆ ਹੈ।' ਰਾਖੀ ਸਾਵੰਤ ਇਸ ਸਮੇਂ ਜੁਹੂ ਦੇ 'ਕ੍ਰਿਟੀ ਕੇਅਰ ਹਸਪਤਾਲ' ਦੇ ਐਮਰਜੈਂਸੀ ਵਾਰਡ 'ਚ ਦਾਖਲ ਹੈ। ਉਸ ਦੇ ਕੁਝ ਵੱਡੇ ਟੈਸਟ ਕੀਤੇ ਜਾ ਰਹੇ ਹਨ ਅਤੇ ਡਾਕਟਰ ਨੇ ਕੱਲ੍ਹ ਵੀ ਉਸ ਦੇ ਕੁਝ ਟੈਸਟ ਕੀਤੇ ਸਨ। ਇਨ੍ਹਾਂ ਸਾਰੇ ਟੈਸਟਾਂ ਦੇ ਨਤੀਜੇ ਆਉਣ ਤੋਂ ਬਾਅਦ ਹੀ ਰਾਖੀ ਦੀ ਸਿਹਤ ਬਾਰੇ ਸਹੀ ਜਾਣਕਾਰੀ ਮਿਲ ਸਕੇਗੀ। ਜਦੋਂ ਤੱਕ ਰਾਖੀ ਪੂਰੀ ਤਰ੍ਹਾਂ ਫਿੱਟ ਨਹੀਂ ਹੋ ਜਾਂਦੀ, ਉਸ ਨੂੰ ਹਸਪਤਾਲ 'ਚ ਰੱਖਿਆ ਜਾਵੇਗਾ।ਦੱਸ ਦਈਏ ਕਿ 14 ਮਈ 2024 ਨੂੰ ਰਾਖੀ ਨੂੰ ਛਾਤੀ 'ਚ ਦਰਦ ਹੋਣ ਕਾਰਨ ਉਸ ਦੇ ਦੋਸਤਾਂ ਨੇ ਹਸਪਤਾਲ 'ਚ ਭਰਤੀ ਕਰਵਾਇਆ ਸੀ। ਟਾਈਮਜ਼ ਨਾਓ ਨੂੰ ਇਸ ਗੱਲ ਦੀ ਪੁਸ਼ਟੀ ਕਰਦੇ ਹੋਏ ਰਾਖੀ ਨੇ ਕਿਹਾ ਸੀ ਕਿ ਉਸ ਨੂੰ ਦਿਲ ਦੀ ਸਮੱਸਿਆ ਹੈ, ਜਿਸ ਕਾਰਨ ਉਸ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਉਸ ਨੂੰ ਅਗਲੇ 5-6 ਦਿਨਾਂ ਤੱਕ ਆਰਾਮ ਦੀ ਲੋੜ ਹੈ ਅਤੇ ਇਸ ਦੌਰਾਨ ਉਹ ਕਿਸੇ ਨਾਲ ਗੱਲ ਨਹੀਂ ਕਰ ਸਕੇਗੀ। ਦਿਲ ਦੇ ਦੌਰੇ ਨੂੰ ਲੈ ਕੇ ਰਾਖੀ, ਰਿਤੇਸ਼ ਜਾਂ ਕ੍ਰਿਟੀ ਕੇਅਰ ਹਸਪਤਾਲ ਤੋਂ ਕੋਈ ਪੁਸ਼ਟੀ ਨਹੀਂ ਹੋਈ ਹੈ।





ਦੱਸਣਯੋਗ ਹੈ ਕਿ ਭਾਵੇਂ ਹੀ ਰਾਖੀ ਸਾਵੰਤ ਦੇ ਕਰੀਬੀ ਦੋਸਤ ਦਾਅਵਾ ਕਰ ਰਹੇ ਹਨ ਕਿ ਉਸ ਨੂੰ ਦਿਲ ਦੀ ਸਮੱਸਿਆ ਕਾਰਨ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ ਪਰ ਸੋਸ਼ਲ ਮੀਡੀਆ ਯੂਜ਼ਰਸ ਨੂੰ ਲੱਗਦਾ ਹੈ ਕਿ ਰਾਖੀ ਦਾ ਹਸਪਤਾਲ 'ਚ ਭਰਤੀ ਹੋਣਾ ਸਿਰਫ ਇਕ ਪਬਲੀਸਿਟੀ ਸਟੰਟ ਹੈ। ਹਾਲ ਹੀ 'ਚ ਰਾਖੀ ਸਾਵੰਤ ਇੱਕ ਐਵਾਰਡ ਫੰਕਸ਼ਨ 'ਚ ਤੌਲੀਆ ਲਪੇਟ ਪੁੱਜੀ, ਜਿਸ ਨੂੰ ਵੇਖ ਕੇ ਸਾਰੇ ਹੈਰਾਨ ਰਹਿ ਗਏ ਸਨ। ਰਾਖੀ ਸਾਵੰਤ ਦੀਆਂ ਇਸ ਦੌਰਾਨ ਦੀਆਂ ਕਈ ਤਸਵੀਰਾਂ ਤੇ ਵੀਡੀਓ ਵੀ ਵਾਇਰਲ ਹੋਈਆਂ ਸਨ।



# ਮਾਂ ਚਰਨ ਕੌਰ ਨੇ ਛੋਟੇ ਸਿੱਧੂ ਨਾਲ ਕੱਟਿਆ ਕੇਕ

ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਮਾਤਾ ਚਰਨ ਕੌਰ ਦੀ ਅੱਜ ਆਪਣਾ ਜਨਮਦਿਮ ਸੈਲੀਬ੍ਰੇਟ ਕਰ ਰਹੇ ਹਨ। ਹਾਲਹੀ 'ਚ ਬਾਪੂ ਬਲਕੌਰ ਨੇ ਪਤਨੀ ਚਰਨ ਕੌਰ ਦੇ ਬਰਥਡੇ 'ਤੇ ਕੇਕ ਕੱਟਦਿਆਂ ਦੀ ਇਕ ਤਸਵੀਰ ਸਾਂਝੀ ਕੀਤੀ ਹੈ। ਇਸ ਤਸਵੀਰ 'ਚ ਚਰਨ ਕੌਰ ਆਪਣੇ ਨੰਨ੍ਹੇ ਪੁੱਤਰ ਨਾਲ ਕੇਕ ਕੱਟਦੇ ਨਜ਼ਰ ਆ ਰਹੇ ਹਨ। ਇਸ ਤਸਵੀਰ ਨੂੰ ਸਾਂਝਾ ਕਰਦਿਆਂ ਬਾਪੂ ਬਲਕੌਰ ਨੇ ਕੈਪਸ਼ਨ 'ਚ ਲਿਖਿਆ ਹੈ, ''ਜ਼ਿੰਦਗੀ ਦੇ ਹਰੇਕ ਉਤਾਰ ਚੜਾ 'ਚ ਮੇਰੇ ਤੋਂ ਪਹਿਲਾਂ ਉਨ੍ਹਾਂ ਦਾ ਸਾਹਮਣਾ ਕਰਨ ਲਈ ਤੇ ਹਰ ਡਗਮਗਾਉਂਦੇ ਰਸਤੇ 'ਤੇ ਮੇਰਾ ਦੋਸਤ ਮੇਰੀ ਮਾਂ ਤੇ ਇੱਕ ਨੇਕ ਸਾਥੀ ਬਣ ਮੇਰੇ ਨਾਲ ਰਹਿਣ ਲਈ ਤੁਹਾਡਾ ਧੰਨਵਾਦ। ਮੈਂ ਆਪ ਨੂੰ ਜਨਮਦਿਨ ਦੀ ਵਧਾਈ ਦਿੰਦੇ ਇਹੀ ਅਰਦਾਸ ਕਰਦਾ ਹਾਂ ਕਿ ਤੁਹਾਡੀ ਤੰਦਰੁਸਤੀ ਹਮੇਸ਼ਾ ਬਰਕਰਾਰ ਰਹੇ ਤੇ ਤੁਹਾਡੀ ਮੁਸਕਾਨ ਹਮੇਸ਼ਾ ਤੁਹਾਡੇ ਚਿਹਰੇ 'ਤੇ ਬਣੀ ਰਹੇ। ਵਾਹਿਗੁਰੂ ਅੰਗ ਸੰਗ ਸਹਾਈ ਰਹਿਣ 😊 🙏🏻 ❤️ 🎉 #justiceforsidhumoosewala।''

ਦੱਸ ਦੇਈਏ ਕਿ ਮਾਤਾ ਚਰਨ ਕੌਰ ਨੇ 58 ਸਾਲ ਦੀ ਉਮਰ 'ਚ ਦੂਜੇ ਬੱਚੇ ਨੂੰ ਜਨਮ ਦਿੱਤਾ। ਉਨ੍ਹਾਂ ਆਈ. ਵੀ. ਐੱਫ. ਰਾਹੀਂ ਬੱਚੇ ਨੂੰ ਜਨਮ ਦਿੱਤਾ ਗਿਆ। ਚਰਨ ਕੌਰ ਨੇ ਬੱਚੇ ਨੂੰ ਜਨਮ ਸਿਰਫ ਭਾਰਤ 'ਚ ਦਿੱਤਾ, ਉਨ੍ਹਾਂ ਨੇ ਇਨ ਵਿਟਰੋ ਫਰਟੀਲਾਈਜੇਸ਼ਨ (ਆਈਵੀਐਫ) ਦਾ ਸਾਰਾ ਇਲਾਜ ਇੰਗਲੈਂਡ ਦੇ ਲੰਡਨ 'ਚੋਂ ਕਰਵਾਇਆ ਸੀ।ਦੱਸਣਯੋਗ ਹੈ ਕਿ 29 ਮਈ ਨੂੰ ਸਿੱਧੂ ਮੂਸੇਵਾਲਾ ਦੀ ਦੂਜੀ ਬਰਸੀ ਦਾ ਸਮਾਗਮ ਰੱਖਿਆ ਗਿਆ ਹੈ, ਜਿਸਦੀ ਜਾਣਕਾਰੀ ਬਲਕੌਰ ਸਿੰਘ ਅਤੇ ਮਾਤਾ ਚਰਨ ਕੌਰ ਵੱਲੋਂ ਪੋਸਟ ਸ਼ੇਅਰ ਕਰ ਦਿੱਤੀ ਗਈ ਸੀ। ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਿੱਧੂ ਮੂਸੇਵਾਲਾ ਦੀ ਹਵੇਲੀ ਪ੍ਰਸ਼ੰਸਕਾਂ ਦੇ ਭਾਰੀ ਸੰਖਿਆਂ 'ਚ ਪਹੁੰਚਣ ਦੀਆਂ ਉਮੀਦਾਂ ਕੀਤੀਆਂ ਜਾ ਰਹੀਆਂ ਹਨ।

# ਐਮੀ ਵਿਰਕ ਤੇ ਸੋਨਮ ਬਾਜਵਾ ਲਿਆ ਰਹੇ ਨੇ ਪੰਜਾਬੀ ਤੇ ਹਰਿਆਣਵੀ ਕ੍ਰਾਸ ਕਲਚਰਲ ਫ਼ਿਲਮ ‘ਕੁੜੀ ਹਰਿਆਣੇ ਵੱਲ ਦੀ’




ਐਮੀ ਵਿਰਕ ਅਤੇ ਸੋਨਮ ਬਾਜਵਾ ਦੀ ਕਾਮੇਡੀ, ਰੋਮਾਂਸ ਮਨੋਰੰਜਨ ਕਰਨ ਵਾਲੀ ਕੁੜੀ ਹਰਿਆਣੇ ਵੱਲ ਦੀ (ਪੰਜਾਬੀ), ਛੋਰੀ ਹਰਿਆਣੇ ਆਲੀ (ਹਰਿਆਣਵੀ) ਦਾ ਟੀਜ਼ਰ ਰਿਲੀਜ਼ ਹੋ ਗਿਆ ਹੈ ਅਤੇ ਇਸ ਗਰਮੀਆਂ ਵਿਚ ਸਾਰੇ ਦਰਸ਼ਕਾਂ ਲਈ ਇਕ ਰੰਗੀਨ ਟ੍ਰੀਟ ਦਾ ਵਾਅਦਾ ਕਰਦਾ ਹੈ।ਇਹ ਜੱਟ ਅਤੇ ਜਾਟਣੀ ਵਾਲੀ ਫਿਲਮ ਆਪਣੀ ਕਿਸਮ ਦੀ ਪਹਿਲੀ ਫਿਲਮ ਹੈ, ਜੋ ਸਿਰਫ਼ ਪੰਜਾਬ ਵਿਚ ਹੀ ਨਹੀਂ ਸਗੋਂ ਹਰਿਆਣਾ, ਦਿੱਲੀ, ਰਾਜਸਥਾਨ, ਯੂ. ਪੀ. ਅਤੇ ਮੱਧ ਪ੍ਰਦੇਸ਼ ਵਿਚ ਸਥਿਤ ਸਮੁੱਚੇ ਜਾਟ ਦਰਸ਼ਕਾਂ ਨੂੰ ਨਾਲ ਜੋੜ ਕੇ ਪੰਜਾਬੀ ਸਿਨੇਮਾ ਦੀ ਹੱਦ ਪਾਰ ਕਰ ਰਹੀ ਹੈ। ਫਿਲਮ ਵਿਚ ਸੋਨਮ ਬਾਜਵਾ ਇਕ ਹਰਿਆਣਵੀ ਜਾਟਣੀ ਦਾ ਕਿਰਦਾਰ ਨਿਭਾਅ ਰਹੀ ਹੈ, ਜੋ ਕਿ ਪੰਜਾਬੀ ਸਿਨੇਮਾ ਦੀ ਕਿਸੇ ਵੀ ਮੋਹਰੀ ਅਦਾਕਾਰਾ ਨੇ ਪਹਿਲਾਂ ਨਹੀਂ ਕੀਤਾ ਅਤੇ ਉੱਤਰੀ ਭਾਰਤ ਵਿਚ ਉਸ ਦੀ ਵੱਡੀ ਅਪੀਲ ਯਕੀਨੀ ਤੌਰ ’ਤੇ ਉਸ ਨੂੰ ਹਰ ਕਿਸੇ ਨਾਲ ਜੋੜਦੀ ਹੈ। ਐਮੀ ਵਿਰਕ ਫਿਲਮ ’ਚ ਇਕ ਪਿਆਰੇ ਦੇਸੀ ਜੱਟ ਹਨ ਅਤੇ ਫਿਲਮ ਵਿਚ ਪੰਜਾਬ ਅਤੇ ਹਰਿਆਣਵੀ ਕਲਾਕਾਰਾਂ ਦੀ ਇਕ ਸ਼ਾਨਦਾਰ ਕਾਸਟ ਸ਼ਾਮਲ ਹੈ ਜਿਵੇਂ ਅਜੇ ਹੁੱਡਾ, ਯੋਗਰਾਜ ਸਿੰਘ, ਯਸ਼ਪਾਲ ਸ਼ਰਮਾ, ਹਰਦੀਪ ਗਿੱਲ, ਹਨੀ ਮੱਟੂ, ਦੀਦਾਰ ਗਿੱਲ ਆਦਿ।

# ਦਿੱਲੀ ਕੈਪੀਟਲਸ ਅਜੇ ਵੀ ਪਲੇਆਫ ਦੀ ਦੌੜ 'ਚ, ਅਜਿਹਾ ਹੋਇਆ ਤਾਂ ਹੋਵੇਗਾ ਇਹ ਚਮਤਕਾਰ



ਲਖਨਊ ਸੁਪਰ ਜਾਇੰਟਸ ਦੇ ਕਪਤਾਨ ਕੇਐੱਲ ਰਾਹੁਲ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਸੀ। ਦਿੱਲੀ ਨੇ ਅਭਿਸ਼ੇਕ ਪੋਰੇਲ ਦੀਆਂ 58 ਦੌੜਾਂ, ਸ਼ਾਈ ਹੋਪ ਦੀਆਂ 38 ਦੌੜਾਂ, ਰਿਸ਼ਭ ਪੰਤ ਦੀਆਂ 33 ਦੌੜਾਂ ਅਤੇ ਟ੍ਰਿਸਟਨ ਸਟੱਬਸ ਦੀਆਂ 57 ਦੌੜਾਂ ਦੀ ਮਦਦ ਨਾਲ 4 ਵਿਕਟਾਂ ਗੁਆ ਕੇ 208 ਦੌੜਾਂ ਬਣਾਈਆਂ। ਜਵਾਬ 'ਚ ਲਖਨਊ ਨੇ 5ਵੇਂ ਓਵਰ 'ਚ ਹੀ 4 ਵਿਕਟਾਂ ਗੁਆ ਦਿੱਤੀਆਂ। ਪਰ ਨਿਕੋਲਸ ਪੂਰਨ ਨੇ 61 ਦੌੜਾਂ ਬਣਾ ਕੇ ਲੜਾਈ ਜਾਰੀ ਰੱਖੀ। ਲਖਨਊ ਨੂੰ ਜਿੱਤ ਲਈ ਆਖਰੀ ਓਵਰ ਵਿੱਚ 23 ਦੌੜਾਂ ਦੀ ਲੋੜ ਸੀ। ਅਰਸ਼ਦ ਖਾਨ (58) ਨੇ ਅਰਧ ਸੈਂਕੜਾ ਜ਼ਰੂਰ ਲਗਾਇਆ ਪਰ ਉਹ ਟੀਮ ਨੂੰ ਜਿੱਤ ਵੱਲ ਲੈ ਕੇ ਨਹੀਂ ਜਾ ਸਕਿਆ। ਦਿੱਲੀ 19 ਦੌੜਾਂ ਨਾਲ ਜਿੱਤੀ।

ਕਪਤਾਨ ਰਿਸ਼ਭ ਪੰਤ ਦੀ ਵਾਪਸੀ ਨਾਲ ਦਿੱਲੀ ਕੈਪੀਟਲਸ ਨੇ ਲਖਨਊ ਸੁਪਰ ਜਾਇੰਟਸ ਖਿਲਾਫ ਆਪਣਾ ਆਖਰੀ ਮੈਚ ਜਿੱਤ ਲਿਆ ਹੈ। ਪਲੇਆਫ ਦੇ ਰਸਤੇ 'ਚ ਦਿੱਲੀ ਲਈ ਇਹ ਜਿੱਤ ਜ਼ਰੂਰੀ ਸੀ। ਇਸ ਜਿੱਤ ਨਾਲ ਦਿੱਲੀ ਦੇ 14 ਅੰਕ ਹੋ ਗਏ ਹਨ। ਜੇਕਰ ਚੇਨਈ ਅਤੇ ਲਖਨਊ ਆਪਣੇ ਆਉਣ ਵਾਲੇ ਮੈਚ ਹਾਰ ਜਾਂਦੇ ਹਨ ਤਾਂ ਦਿੱਲੀ ਦੇ ਕੁਝ ਮੌਕੇ ਬਣ ਸਕਦੇ ਹਨ। ਜੇਕਰ ਹੈਦਰਾਬਾਦ ਆਪਣੇ ਆਉਣ ਵਾਲੇ ਦੋਵੇਂ ਮੈਚ ਹਾਰ ਜਾਂਦਾ ਹੈ ਤਾਂ ਦਿੱਲੀ ਲਈ ਅੱਗੇ ਜਾਣ ਦਾ ਰਾਹ ਖੁੱਲ੍ਹ ਸਕਦਾ ਹੈ। ਨਜ਼ਰਾਂ ਚੇਨਈ ਅਤੇ ਬੈਂਗਲੁਰੂ ਵਿਚਾਲੇ ਹੋਣ ਵਾਲੇ ਮੈਚ 'ਤੇ ਵੀ ਹੋਣਗੀਆਂ ਜੋ ਦਿੱਲੀ ਦੇ ਸਮੀਕਰਨ ਨੂੰ ਵਿਗਾੜ ਸਕਦਾ ਹੈ।

ਸਿਰਫ ਹੈਦਰਾਬਾਦ ਦੀ ਟੀਮ ਹੀ ਦਿੱਲੀ ਕੈਪੀਟਲਸ ਲਈ ਪਲੇਆਫ ਦਾ ਅਸਲੀ ਰਸਤਾ ਖੋਲ੍ਹ ਸਕਦੀ ਹੈ। ਹੈਦਰਾਬਾਦ ਦਾ ਆਉਣ ਵਾਲਾ ਮੈਚ ਗੁਜਰਾਤ ਟਾਈਟਨਸ ਅਤੇ ਪੰਜਾਬ ਕਿੰਗਜ਼ ਖਿਲਾਫ ਹੈ। ਦਿੱਲੀ ਦੀ ਨੈੱਟ ਰਨ ਰੇਟ ਦੇ ਹਿਸਾਬ ਨਾਲ ਜੇਕਰ ਗੁਜਰਾਤ ਅਤੇ ਪੰਜਾਬ ਦੀਆਂ ਦੋਵੇਂ ਟੀਮਾਂ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 200 ਤੋਂ ਜ਼ਿਆਦਾ ਦੌੜਾਂ ਬਣਾਉਂਦੀਆਂ ਹਨ ਅਤੇ ਹੈਦਰਾਬਾਦ ਖਿਲਾਫ ਮੈਚ 100 ਤੋਂ ਜ਼ਿਆਦਾ ਦੌੜਾਂ ਨਾਲ ਜਿੱਤਦੀਆਂ ਹਨ ਤਾਂ ਹੈਦਰਾਬਾਦ ਦੀ ਨੈੱਟ ਰਨ ਰੇਟ ਦਿੱਲੀ ਤੋਂ ਹੇਠਾਂ ਆ ਸਕਦੀ ਹੈ। ਇਸ ਤਰ੍ਹਾਂ ਦਿੱਲੀ ਚੌਥੇ ਸਥਾਨ ਦੀ ਦਾਅਵੇਦਾਰ ਬਣ ਸਕਦੀ ਹੈ। ਤੁਹਾਨੂੰ ਦੱਸ ਦੇਈਏ ਕਿ ਹੁਣ ਰਾਜਸਥਾਨ ਰਾਇਲਸ ਦਿੱਲੀ ਦੀ ਇਸ ਜਿੱਤ ਨਾਲ ਪਲੇਆਫ ਵਿੱਚ ਪਹੁੰਚ ਗਈ ਹੈ। ਕੋਲਕਾਤਾ ਨਾਈਟ ਰਾਈਡਰਜ਼ ਪਹਿਲਾਂ ਹੀ ਮੌਜੂਦ ਹਨ। ਹਾਲਾਂਕਿ ਮੈਚ ਜਿੱਤਣ ਤੋਂ ਬਾਅਦ ਰਿਸ਼ਭ ਪੰਤ ਨੇ ਕਿਹਾ ਕਿ ਅਸੀਂ ਸੀਜ਼ਨ ਦੀ ਸ਼ੁਰੂਆਤ ਕਾਫੀ ਉਮੀਦਾਂ ਨਾਲ ਕੀਤੀ ਸੀ। ਕੁਝ ਸੱਟਾਂ ਸਾਹਮਣੇ ਆਈਆਂ। ਪਰ ਆਖਰੀ ਗੇਮ ਤੋਂ ਬਾਅਦ ਅਸੀਂ ਅਜੇ ਵੀ ਪ੍ਰਤੀਯੋਗੀ ਹਾਂ। ਜੇਕਰ ਮੈਨੂੰ ਆਖਰੀ ਮੈਚ 'ਚ ਖੇਡਣ ਦਾ ਮੌਕਾ ਮਿਲਦਾ ਤਾਂ ਸਾਡੇ ਕੋਲ ਕੁਆਲੀਫਾਈ ਕਰਨ ਦਾ ਬਿਹਤਰ ਮੌਕਾ ਹੁੰਦਾ। ਨਿੱਜੀ ਤੌਰ 'ਤੇ ਵਾਪਸ ਆਉਣਾ ਬਹੁਤ ਵਧੀਆ ਸੀ। ਪੂਰੇ ਭਾਰਤ ਤੋਂ ਸਮਰਥਨ ਦੇਖ ਕੇ ਖੁਸ਼ੀ ਹੋਈ। ਡੇਢ ਸਾਲ ਬਾਅਦ, ਇਸ ਨੂੰ ਉਡੀਕ ਕਰਨ ਲਈ ਲੰਬਾ ਸਮਾਂ ਲੱਗ ਗਿਆ। ਮੈਂ ਹਰ ਸਮੇਂ ਮੈਦਾਨ 'ਤੇ ਰਹਿਣਾ ਚਾਹੁੰਦਾ ਹਾਂ। ਕੋਈ ਵੀ ਕਾਰਵਾਈ ਤੋਂ ਖੁੰਝਣਾ ਨਹੀਂ ਚਾਹੁੰਦਾ।

## ਦਿੱਲੀ ਨੇ ਜਿੱਤ ਨਾਲ ਖ਼ਤਮ ਕੀਤਾ ਸਫ਼ਰ, ਲਖਨਊ ਨੂੰ ਵੀ 19 ਦੌੜਾਂ ਨਾਲ ਹਰਾ ਕੇ ਪਲੇਆਫ਼ ਦੀ ਰੇਸ 'ਚੋਂ ਕੱਢਿਆ ਬਾਹਰ



ਦਿੱਲੀ ਦੇ ਅਰੁਣ ਜੇਤਲੀ ਸਟੇਡੀਅਮ 'ਚ ਖੇਡੇ ਗਏ ਆਈ.ਪੀ.ਐੱਲ. ਮੁਕਾਬਲੇ 'ਚ ਦਿੱਲੀ ਕੈਪੀਟਲਸ ਨੇ ਲਖਨਊ ਸੁਪਰਜਾਇੰਟਸ ਨੂੰ 19 ਦੌੜਾਂ ਨਾਲ ਹਰਾ ਕੇ ਜਿੱਤ ਨਾਲ ਆਪਣੇ ਅਭਿਆਨ ਦਾ ਅੰਤ ਕੀਤਾ ਹੈ। ਉੱਥੇ ਹੀ ਇਸ ਹਾਰ ਨਾਲ ਲਖਨਊ ਦਾ ਵੀ ਪਲੇਆਫ਼ 'ਚ ਪਹੁੰਚਣ ਦਾ ਰਸਤਾ ਲਗਭਗ ਬੰਦ ਹੀ ਹੋ ਗਿਆ ਹੈ। ਲਖਨਊ ਦੇ ਕਪਤਾਨ ਕੇ.ਐੱਲ. ਰਾਹੁਲ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫ਼ੈਸਲਾ ਕੀਤਾ ਸੀ। ਦਿੱਲੀ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਅਭਿਸ਼ੇਕ ਪੋਰੇਲ (58) ਤੇ ਟ੍ਰਿਸਟਨ ਸਟੱਬਸ (57*) ਦੇ ਸ਼ਾਨਦਾਰ ਅਰਧ ਸੈਂਕੜਿਆਂ ਦੀ ਬਦੌਲਤ 20 ਓਵਰਾਂ 'ਚ 4 ਵਿਕਟਾਂ ਗੁਆ ਕੇ 208 ਦੌੜਾਂ ਦਾ ਚੁਣੌਤੀਪੂਰਨ ਸਕੋਰ ਖੜ੍ਹਾ ਕੀਤਾ ਸੀ। ਇਸ ਟੀਚੇ ਦਾ ਪਿੱਛਾ ਕਰਦਿਆਂ ਲਖਨਊ ਦੇ ਕਪਤਾਨ ਕੇ.ਐੱਲ. ਰਾਹੁਲ 3 ਗੇਂਦਾਂ 'ਚ ਸਿਰਫ਼ 5 ਦੌੜਾਂ ਬਣਾ ਕੇ ਇਸ਼ਾਂਤ ਸ਼ਰਮਾ ਦੀ ਗੇਂਦ 'ਤੇ ਮੁਕੇਸ਼ ਕੁਮਾਰ ਹੱਥੋਂ ਕੈਚ ਆਊਟ ਹੋ ਗਏ। ਮਾਰਕਸ ਸਟਾਇਨਿਸ ਵੀ 5 ਦੌੜਾਂ ਬਣਾ ਕੇ ਅਕਸ਼ਰ ਪਟੇਲ ਦਾ ਸ਼ਿਕਾਰ ਬਣਿਆ। ਕਵਿੰਟਨ ਡੀ-ਕੌਕ 8 ਗੇਂਦਾਂ 'ਚ 12 ਦੌੜਾਂ ਬਣਾ ਕੇ ਇਸ਼ਾਂਤ ਦੀ ਗੇਂਦ 'ਤੇ ਆਊਟ ਹੋ ਕੇ ਪੈਵੇਲੀਅਨ ਪਰਤ ਗਿਆ। ਦੀਪਕ ਹੁੱਡਾ ਬਿਨਾਂ ਖਾਤਾ ਖੋਲ੍ਹੇ ਹੀ ਇਸ਼ਾਂਤ ਦਾ ਤੀਜਾ ਸ਼ਿਕਾਰ ਬਣਿਆ। ਖੱਬੇ ਹੱਥ ਦੇ ਧਾਕੜ ਬੱਲੇਬਾਜ਼ ਨਿਕੋਲਸ ਪੂਰਨ ਨੇ 27 ਗੇਂਦਾਂ 'ਚ 61 ਦੌੜਾਂ ਦੀ ਧਮਾਕੇਦਾਰ ਪਾਰੀ ਖੇਡੀ ਤੇ ਆਪਣੀ ਪਾਰੀ 'ਚ ਉਸ ਨੇ 6 ਚੌਕੇ ਤੇ 4 ਛੱਕੇ ਲਗਾਏ। ਪਰ ਉਹ ਮੁਕੇਸ਼ ਕੁਮਾਰ ਦੀ ਗੇਂਦ 'ਤੇ ਅਕਸ਼ਰ ਹੱਥੋਂ ਕੈਚ ਹੋ ਕੇ ਪੈਵੇਲੀਅਨ ਪਰਤ ਗਿਆ। ਅੰਤ 'ਚ ਅਰਸ਼ਦ ਖ਼ਾਨ ਨੇ ਸ਼ਾਨਦਾਰ ਜੁਝਾਰੂਪਨ ਦਿਖਾਇਆ ਤੇ ਦਿੱਲੀ ਦੇ ਗੇਂਦਬਾਜ਼ਾਂ ਦਾ ਡਟ ਕੇ ਸਾਹਮਣਾ ਕੀਤਾ। ਉਸ ਨੇ 33 ਗੇਂਦਾਂ 'ਚ 3 ਚੌਕਿਆਂ ਤੇ 5 ਛੱਕਿਆਂ ਦੀ ਬਦੌਲਤ ਨਾਬਾਦ 58 ਦੌੜਾਂ ਬਣਾਈਆਂ, ਪਰ ਉਹ ਟੀਮ ਨੂੰ ਜਿੱਤ ਨਾ ਦਿਵਾ ਸਕਿਆ ਤੇ ਲਖਨਊ 20 ਓਵਰਾਂ 'ਚ 9 ਵਿਕਟਾਂ ਗੁਆ ਕੇ 189 ਦੌੜਾਂ ਹੀ ਬਣਾ ਸਕੀ।

## ਅਭਿਸ਼ੇਕ, ਟ੍ਰਿਸਟਨ ਦੇ ਅਰਧ ਸੈਂਕੜੇ ਨਾਲ ਲਖਨਊ ਨੂੰ ਮਿਲਿਆ 209 ਦੌੜਾਂ ਦਾ ਟੀਚਾ

ਦਿੱਲੀ ਦੇ ਅਰੁਣ ਜੇਤਲੀ ਸਟੇਡੀਅਮ ਵਿੱਚ ਆਈਪੀਐੱਲ 2024 ਦੇ 64ਵੇਂ ਮੈਚ ਵਿੱਚ ਦਿੱਲੀ ਕੈਪੀਟਲਸ ਅਤੇ ਲਖਨਊ ਸੁਪਰ ਜਾਇੰਟਸ ਆਹਮੋ-ਸਾਹਮਣੇ ਹਨ। ਹਾਲਾਂਕਿ ਲਖਨਊ ਸੁਪਰ ਜਾਇੰਟਸ ਦੇ ਕਪਤਾਨ ਕੇਐੱਲ ਰਾਹੁਲ ਨੇ ਟਾਸ0 ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਹੈ।




**ਦਿੱਲੀ ਕੈਪੀਟਲਜ਼: 208-4 (20 ਓਵਰ)**

ਦਿੱਲੀ ਨੇ ਪਹਿਲੇ ਹੀ ਓਵਰ 'ਚ ਜੈਕ ਫਰੇਜ਼ਰ (0) ਦਾ ਵਿਕਟ ਗੁਆ ਦਿੱਤਾ ਸੀ ਜਦੋਂ ਅਰਸ਼ਦ ਖਾਨ ਨੇ ਉਸ ਨੂੰ ਮੈਚ ਦੀ ਦੂਜੀ ਗੇਂਦ 'ਤੇ ਨਵੀਨ ਹੱਥੋਂ ਕੈਚ ਆਊਟ ਕਰਵਾ ਦਿੱਤਾ। ਪਰ ਇਸ ਤੋਂ ਬਾਅਦ ਅਭਿਸ਼ੇਕ ਪੋਰੇਲ ਨੇ ਇਕ ਸਿਰੇ ਤੋਂ ਜ਼ਿੰਮੇਵਾਰੀ ਸੰਭਾਲੀ ਅਤੇ ਤੇਜ਼ੀ ਨਾਲ ਦੌੜਾਂ ਬਣਾਈਆਂ। ਉਨ੍ਹਾਂ ਦਾ ਸ਼ਾਈ ਹੋਪ ਨੇ ਸਾਥ ਦਿੱਤਾ। ਦੋਵਾਂ ਨੇ ਪਾਵਰਪਲੇ 'ਚ ਦਿੱਲੀ ਦਾ ਸਕੋਰ 73/1 ਕਰ ਦਿੱਤਾ। ਇਸ ਦੌਰਾਨ ਅਭਿਸ਼ੇਕ ਨੇ ਆਪਣਾ ਅਰਧ ਸੈਂਕੜਾ ਪੂਰਾ ਕੀਤਾ। ਉਨ੍ਹਾਂ ਨੇ 33 ਗੇਂਦਾਂ 'ਚ 5 ਚੌਕਿਆਂ ਅਤੇ 4 ਛੱਕਿਆਂ ਦੀ ਮਦਦ ਨਾਲ 58 ਦੌੜਾਂ ਬਣਾਈਆਂ। ਸ਼ਾਈ ਹੋਪ ਨੇ 27 ਗੇਂਦਾਂ 'ਚ 3 ਚੌਕਿਆਂ ਅਤੇ 2 ਛੱਕਿਆਂ ਦੀ ਮਦਦ ਨਾਲ 38 ਦੌੜਾਂ ਬਣਾਈਆਂ। ਫਿਰ ਪੰਤ ਨੇ ਆ ਕੇ ਟੀਮ ਦੀ ਕਮਾਨ ਸੰਭਾਲੀ। ਉਨ੍ਹਾਂ ਨੇ 23 ਗੇਂਦਾਂ 'ਚ 5 ਚੌਕਿਆਂ ਦੀ ਮਦਦ ਨਾਲ 33 ਦੌੜਾਂ ਬਣਾਈਆਂ।ਇਸ ਤੋਂ ਬਾਅਦ ਟ੍ਰਿਸਟਨ ਸਟੱਬਸ ਨੇ ਅਕਸ਼ਰ ਪਟੇਲ ਦੇ ਨਾਲ ਮਿਲ ਕੇ ਸਾਂਝੇਦਾਰੀ ਨੂੰ ਅੱਗੇ ਵਧਾਇਆ। ਟ੍ਰਿਸਟਨ ਲੈਅ 'ਚ ਦਿਖੇ ਉਨ੍ਹਾਂ ਨੇ 25 ਗੇਂਦਾਂ 'ਚ 3 ਚੌਕਿਆਂ ਅਤੇ 4 ਛੱਕਿਆਂ ਦੀ ਮਦਦ ਨਾਲ 57 ਦੌੜਾਂ ਬਣਾਈਆਂ। ਇਸੇ ਤਰ੍ਹਾਂ ਅਕਸ਼ਰ ਪਟੇਲ ਨੇ 10 ਗੇਂਦਾਂ 'ਚ 2 ਚੌਕਿਆਂ ਦੀ ਮਦਦ ਨਾਲ 14 ਦੌੜਾਂ ਬਣਾ ਕੇ 20 ਓਵਰਾਂ 'ਚ 4 ਵਿਕਟਾਂ 'ਤੇ ਸਕੋਰ ਨੂੰ 208 ਦੌੜਾਂ ਤੱਕ ਪਹੁੰਚਾਇਆ।

ਲਖਨਊ ਦੇ ਕਪਤਾਨ ਕੇਐੱਲ ਰਾਹੁਲ ਨੇ ਟਾਸ ਜਿੱਤਣ ਤੋਂ ਬਾਅਦ ਕਿਹਾ ਕਿ ਅਸੀਂ ਪਹਿਲਾਂ ਗੇਂਦਬਾਜ਼ੀ ਕਰਾਂਗੇ। ਇਸ ਦਾ ਕਾਰਨ ਇਹ ਹੈ ਕਿ ਸਾਡੀ ਟੀਮ ਦੀ ਸਥਿਤੀ ਕੀ ਹੈ ਅਤੇ ਕਿਸ ਚੀਜ਼ ਨਾਲ ਸਾਡੀ ਟੀਮ ਨੂੰ ਮਦਦ ਮਿਲੇਗੀ। ਸਾਡੇ ਕੋਲ ਇੱਕ ਨੌਜਵਾਨ ਗੇਂਦਬਾਜ਼ੀ ਹਮਲਾ ਹੈ ਜੋ ਸਾਨੂੰ ਜਲਦੀ ਖੇਡ ਵਿੱਚ ਸ਼ਾਮਲ ਕਰ ਲੈਂਦੇ ਹਨ। ਸਾਡੇ ਕੋਲ ਤਜਰਬੇਕਾਰ ਬੱਲੇਬਾਜ਼ ਹਨ ਅਤੇ ਉਹ ਦਬਾਅ ਨੂੰ ਸੰਭਾਲ ਸਕਦੇ ਹਨ। ਸਾਡੇ ਲਈ ਇਹ ਸਾਫ਼ ਹੈ ਕਿ ਸਾਨੂੰ ਦੋਵੇਂ ਮੈਚ ਜਿੱਤਣੇ ਹਨ। ਅਸੀਂ ਪਿਛਲੇ ਦੋ ਮੈਚਾਂ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੇ। ਅੱਜ ਗੇਂਦਬਾਜ਼ਾਂ ਨੂੰ ਹੌਂਸਲਾ ਰੱਖਣਾ ਹੋਵੇਗਾ, ਗੇਂਦਬਾਜ਼ੀ ਇਕਾਈ ਦੇ ਤੌਰ 'ਤੇ ਤੁਸੀਂ ਬਦਲਾਅ ਦੀ ਵਰਤੋਂ ਕਰਨ ਤੋਂ ਡਰ ਸਕਦੇ ਹੋ ਪਰ ਉਨ੍ਹਾਂ ਨੂੰ ਆਪਣੇ ਆਪ ਨੂੰ ਪਿੱਛੇ ਕਰਨਾ ਪਵੇਗਾ।

ਇਸ ਦੇ ਨਾਲ ਹੀ ਦਿੱਲੀ ਦੇ ਕਪਤਾਨ ਰਿਸ਼ਭ ਪੰਤ ਨੇ ਕਿਹਾ ਕਿ ਅਸੀਂ ਪਹਿਲਾਂ ਬੱਲੇਬਾਜ਼ੀ ਕਰਦੇ। ਬਹੁਤ ਸਾਰੀਆਂ ਗੱਲਾਂ ਚੱਲ ਰਹੀਆਂ ਹਨ। ਪਰ ਅਸੀਂ ਸਿਰਫ਼ ਜਿੱਤ 'ਤੇ ਧਿਆਨ ਦੇਣਾ ਚਾਹੁੰਦੇ ਹਾਂ। ਜੇ ਤੁਸੀਂ ਬਹੁਤ ਸਾਰੀਆਂ ਵਿਕਟਾਂ ਨਾ ਗੁਆਉਂਦੇ ਤਾਂ ਅਸੀਂ ਉਹ ਮੈਚ ਜਿੱਤ ਜਾਂਦੇ, ਪਰ ਬਾਹਰ ਬੈਠ ਕੇ ਇਹ ਕਹਿਣਾ ਆਸਾਨ ਹੈ। ਪੂਰੇ ਸੀਜ਼ਨ 'ਚ ਇਹ ਚਿੰਤਾ ਦਾ ਵਿਸ਼ਾ ਹੈ ਪਰ ਇਕ ਕਪਤਾਨ ਦੇ ਤੌਰ 'ਤੇ ਤੁਸੀਂ ਖਿਡਾਰੀਆਂ ਨੂੰ ਆਪਣਾ ਸਰਵਸ੍ਰੇਸ਼ਠ ਦੇਣ ਲਈ ਕਹਿ ਸਕਦੇ ਹੋ ਅਤੇ ਉਹ ਅਜਿਹਾ ਕਰ ਰਹੇ ਹਨ। ਸਾਡੇ ਕੋਲ ਦੋ ਬਦਲਾਅ ਹਨ- ਮੈਂ ਅਤੇ ਨਾਯਬ ਅੰਦਰ ਆਏ, ਵਾਰਨਰ ਖੁੰਝ ਗਿਆ।ਦੋਵੇਂ ਟੀਮਾਂ ਦੀ ਪਲੇਇੰਗ 11

ਲਖਨਊ ਸੁਪਰ ਜਾਇੰਟਸ: ਕੇਐੱਲ ਰਾਹੁਲ (ਵਿਕਟਕੀਪਰ/ਕਪਤਾਨ), ਕੁਇੰਟਨ ਡੀ ਕਾਕ, ਮਾਰਕਸ ਸਟੋਇਨਿਸ, ਦੀਪਕ ਹੁੱਡਾ, ਨਿਕੋਲਸ ਪੂਰਨ, ਕਰੁਣਾਲ ਪੰਡਯਾ, ਯੁੱਧਵੀਰ ਸਿੰਘ ਚਾਰਕ, ਅਰਸ਼ਦ ਖਾਨ, ਰਵੀ ਬਿਸ਼ਨੋਈ, ਨਵੀਨ-ਉਲ-ਹੱਕ, ਮੋਹਸਿਨ ਖਾਨ।

ਦਿੱਲੀ ਕੈਪੀਟਲਜ਼: ਅਭਿਸ਼ੇਕ ਪੋਰੇਲ, ਜੈਕ ਫਰੇਜ਼ਰ-ਮੈਕਗੁਰਕ, ਸ਼ਾਈ ਹੋਪ, ਰਿਸ਼ਭ ਪੰਤ (ਵਿਕਟਕੀਪਰ/ਕਪਤਾਨ), ਟ੍ਰਿਸਟਨ ਸਟੱਬਸ, ਅਕਸ਼ਰ ਪਟੇਲ, ਗੁਲਬਦੀਨ ਨਾਇਬ, ਰਸੀਖ ਦਾਰ ਸਲਾਮ, ਮੁਕੇਸ਼ ਕੁਮਾਰ, ਕੁਲਦੀਪ ਯਾਦਵ, ਖਲੀਲ ਅਹਿਮਦ।

ਸਮੀਕਰਨ: ਖ਼ਰਾਬ ਫਾਰਮ ਨਾਲ ਜੂਝ ਰਹੀ ਲਖਨਊ ਦੀ ਟੀਮ ਆਈਪੀਐੱਲ ਪਲੇਆਫ ਲਈ ਕੁਆਲੀਫਾਈ ਕਰਨ ਦੀਆਂ ਆਪਣੀਆਂ ਉਮੀਦਾਂ ਨੂੰ ਕਾਇਮ ਰੱਖਣ ਲਈ ਦਿੱਲੀ ਕੈਪੀਟਲਜ਼ ਦਾ ਸਾਹਮਣਾ ਕਰੇਗੀ, ਜਿਸ ਕੋਲ ਅਜੇ ਵੀ ਨਾਕਆਊਟ ਵਿੱਚ ਪਹੁੰਚਣ ਦੀ ਮਾਮੂਲੀ ਸੰਭਾਵਨਾ ਹੈ।

# ਪਤਨੀ ਤੇ ਸਹੁਰਾ ਪਰਿਵਾਰ ਦੇ ਕਤਲ ਦੇ ਜ਼ਿੰਮੇਵਾਰ ਪੰਜਾਬੀ ਨੂੰ ਅਮਰੀਕਾ 'ਚ ਮੌਤ ਦੀ ਸਜ਼ਾ

ਅਮਰੀਕਾ ਵਿਖੇ ਓਹਾਇਓ ਸਟੇਟ ਦੀ ਬਟਲਰ ਕਾਊਂਟੀ ਅਦਾਲਤ ਨੇ ਚਾਰ ਲੋਕਾਂ ਦੀ ਮੌਤ ਵਿੱਚ ਦੋਸ਼ੀ ਪਾਏ ਗਏ ਗੁਰਪ੍ਰੀਤ ਸਿੰਘ (41) ਨੂੰ ਮੌਤ ਦੀ ਸਜ਼ਾ ਸੁਣਾਈ। ਗੁਰਪ੍ਰੀਤ ਸਿੰਘ ਨੂੰ ਤਿੰਨ ਜੱਜਾਂ ਦੇ ਪੈਨਲ ਨੇ ਸਜ਼ਾ ਸੁਣਾਈ। 2019 ਵਿੱਚ ਓਹਾਇਓ ਸਟੇਟ ਦੇ ਸ਼ਹਿਰ ਵਿੱਸਚ ਚਿਸਟਰ ਵਿੱਚ ਟਰੱਕ ਡਰਾਈਵਰ ਗੁਰਪ੍ਰੀਤ ਸਿੰਘ ਨੂੰ ਉਸਦੀ ਪਤਨੀ ਸ਼ਲਿੰਦਰ ਕੌਰ, ਸਹੁਰਾ ਹਕੀਕਤ ਸਿੰਘ ਪਨਾਗ, ਸੱਸ ਪ੍ਰਮਜੀਤ ਕੌਰ ਪਨਾਗ, ਪਤਨੀ ਦੀ ਮਾਸੀ ਅਮਰਜੀਤ ਕੌਰ ਨੂੰ ਆਪਣੇ ਅਪਾਰਟਮੈਂਟ ਵਿੱਚ ਗੋਲੀਆਂ ਮਾਰਕੇ ਮਾਰ ਮੁਕਾਉਣ ਦੇ ਦੋਸ਼ ਹੇਠ ਮੌਤ ਦੀ ਸਜ਼ਾ ਸੁਣਾਈ ਗਈ।ਸਰਕਾਰੀ ਵਕੀਲ ਵਕੀਲ ਮਾਈਕ ਗਮੋਸਰ ਨੇ ਕਿਹਾ ਕਿ ਗੁਰਪ੍ਰੀਤ ਸਿੰਘ ਦਾ ਕਿਸੇ ਹੋਰ ਜਨਾਨੀ ਨਾਲ ਇੰਡੀਅਨਐਪਲ ਵਿੱਚ ਅਫੇਅਰ ਚੱਲ ਰਿਹਾ ਸੀ, ਜਿਸ ਦੇ ਚੱਲਦਿਆਂ ਘਰ ਵਿੱਚ ਲੜਾਈ ਝਗੜਾ ਚੱਲ ਰਿਹਾ ਸੀ। ਗੁਰਪ੍ਰੀਤ ਨੇ ਇੱਕ ਸ਼ਾਜਿਸ਼ ਦੇ ਅਧੀਨ ਆਪਣੇ ਰਸਤੇ ਦੇ ਕੰਡੇ ਸਾਫ ਕਰਨ ਲਈ ਇਸ ਸੰਗੀਨ ਜੁਰਮ ਨੂੰ ਅੰਜਾਮ ਦਿੱਤਾ ਗਿਆ। ਇਸ ਪੂਰੇ ਟ੍ਰਾਇਲ ਦੌਰਾਨ ਗੁਰਪ੍ਰੀਤ ਆਪਣੇ ਆਪ ਨੂੰ ਨਿਰਦੋਸ਼ ਦੱਸਦਾ ਰਿਹਾ ਹੈ ਪਰ ਸਾਰੇ ਸਬੂਤ ਇਹ ਦੱਸਦੇ ਹਨ ਕਿ ਗੁਰਪ੍ਰੀਤ ਸਿੰਘ ਕਤਲ ਦੀ ਵਾਰਦਾਤ ਮੌਕੇ ਆਪਣੇ ਅਪਾਰਟਮੈਂਟ ਵਿੱਚ ਵਾਰਦਾਤ ਵਾਲੀ ਜਗ੍ਹਾ 'ਤੇ ਮੌਜੂਦ ਸੀ।




ਸਰਕਾਰੀ ਵਕੀਲ ਨੇ ਕਿਹਾ ਕਿ ਜੇਕਰ ਦੋਸ਼ੀ ਆਪਣਾ ਜ਼ੁਰਮ ਕਬੂਲ ਕਰ ਲੈਂਦਾ ਤਾਂ ਉਸਨੂੰ ਉਮਰ ਕੈਦ ਹੋਣੀ ਸੀ ਪਰ ਹੁਣ ਸਬੂਤਾਂ ਕਰਕੇ ਉਸਨੂੰ ਦੋਸ਼ੀ ਸਾਬਤ ਕੀਤਾ ਗਿਆ ਹੈ ਅਤੇ ਇਸਦੀ ਸਜ਼ਾ ਮੌਤ ਹੀ ਬਣਦੀ ਹੈ। ਇਸ ਮੌਕੇ ਓਹਾਇਓ ਸਟੇਟ ਵਿੱਚ 121 ਦੋਸ਼ੀ ਲੀਥਲ ਇੰਜੈਕਸ਼ਨ ਨਾਲ ਮਰਨ ਲਈ ਆਪਣੀ ਵਾਰੀ ਦੀ ਉਡੀਕ ਕਰ ਰਹੇ ਹਨ। ਗੁਰਪ੍ਰੀਤ ਸਿੰਘ ਡਿੱਥ ਰੋਅ ਵਿੱਚ ਸਜ਼ਾ ਪਾਉਣ ਵਾਲਾ ਅਗਲਾ ਵਿਅਕਤੀ ਲਾਈਨ ਵਿੱਚ ਲੱਗ ਗਿਆ ਹੈ।

# ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਸੈਕਰਾਮੈਂਟੋ ਕੈਲੀਫੋਰਨੀਆ 'ਚ 19 ਮਈ ਨੂੰ

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ 20ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ 19 ਮਈ, ਦਿਨ ਐਤਵਾਰ ਨੂੰ ਸਵੇਰੇ 10:00 ਵਜੇ ਤੋਂ ਸ਼ਾਮ 6:00 ਵਜੇ ਤੱਕ ਪੂਜਾ ਰੈਸਟੋਰੈਂਟ, 1223 Merkely Ave. West Sacramento, 95691 ਵਿਖੇ ਕਰਵਾਈ ਜਾ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਭਾ ਦੇ ਪ੍ਰਧਾਨ ਦਿਲ ਨਿੱਜਰ ਅਤੇ ਜਨਰਲ ਸਕੱਤਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਕਾਨਫਰੰਸ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਦੇਸ਼ਾਂ-ਵਿਦੇਸ਼ਾਂ ਤੋਂ ਨਾਮਵਰ ਸਾਹਿਤਕਾਰ ਅਤੇ ਬੁੱਧੀਜੀਵੀ ਇਸ ਕਾਨਫਰੰਸ ਵਿਚ ਪਹੁੰਚਣਗੇ। ਟੋਰਾਂਟੋ ਤੋਂ ਡਾ. ਦਲਬੀਰ ਸਿੰਘ ਕਥੂਰੀਆ, ਡਾ. ਪ੍ਰਗਟ ਸਿੰਘ ਬੱਗਾ ਅਤੇ ਪ੍ਰਿਥੀਪਾਲ ਸਿੰਘ ਚੱਗੜ, ਇੰਡੀਆ ਤੋਂ ਪ੍ਰੀਤਮ ਸਿੰਘ ਭਰੋਵਾਲ ਅਤੇ ਅਮਰ ਸਿੰਘ ਸੂਫੀ, ਸਰੀ ਕੈਨੇਡਾ ਤੋਂ ਰਘਬੀਰ ਸਿੰਘ ਭਰੋਵਾਲ ਅਤੇ ਸਿਆਟਲ ਤੋਂ ਹਰਦਿਆਲ ਸਿੰਘ ਚੀਮਾ ਆਪਣੇ ਸਾਥੀਆਂ ਸਮੇਤ ਪਹੁੰਚ ਰਹੇ ਹਨ। ਇਸ ਤੋਂ ਇਲਾਵਾ ਬੇਅ-ਏਰੀਆ, ਸਟਾਕਟਨ, ਫਰਿਜ਼ਨੋ ਦੀਆਂ ਸਾਹਿਤ ਸਭਾਵਾਂ ਵੀ ਇਸ ਮੌਕੇ ਪਹੁੰਚ ਕੇ ਕਾਨਫਰੰਸ ਦੀ ਰੌਣਕ ਨੂੰ ਵਧਾਉਣਗੀਆਂ। ਉੱਥੇ ਹਾਲੀਵੁੱਡ ਫਿਲਮ ਨਿਰਮਾਤਾ, ਨਿਰਦੇਸ਼ਕ ਅਤੇ ਲੇਖਕ ਕਵੀ ਰਾਜ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾਵੇਗਾ। ਚੇਤਨਾ ਪ੍ਰਕਾਸ਼ਨ ਦੇ ਸਤੀਸ਼ ਗੁਲਾਟੀ ਵੱਲੋਂ ਪੰਜਾਬੀ ਕਿਤਾਬਾਂ ਦੀ ਨੁਮਾਇਸ਼ ਲਗਾਈ ਜਾਵੇਗੀ ।ਕਾਨਫਰੰਸ ਦੌਰਾਨ ਜਿੱਥੇ ਪੰਜਾਬੀ ਭਾਸ਼ਾ ਬਾਰੇ ਖੁੱਲ੍ਹ ਕੇ ਵਿਚਾਰ-ਵਟਾਂਦਰੇ ਹੋਣਗੇ, ਉਥੇ ਕਵੀ ਸੰਮੇਲਨ ਅਤੇ ਗੀਤ-ਸੰਗੀਤ ਵੀ ਹੋਵੇਗਾ। ਇਸ ਮੌਕੇ ਖਾਣੇ ਦਾ ਖਾਸ ਪ੍ਰਬੰਧ ਹੋਵੇਗਾ। ਕਾਨਫਰੰਸ 'ਚ ਸ਼ਾਮਲ ਹੋਣ ਲਈ ਐਂਟਰੀ ਮੁਫਤ ਹੈ। ਹੋਰ ਜਾਣਕਾਰੀ ਲਈ ਫੋਨ ਨੰਬਰ 916-320-9444 ਜਾਂ 916-628-2210 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਅਮਰੀਕੀ ਵਿਦੇਸ਼ ਮੰਤਰੀ ਦਾ ਸਰਪ੍ਰਾਈਜ਼ ਯੂਕ੍ਰੇਨ ਦੌਰਾ



ਅਮਰੀਕੀ ਵਿਦੇਸ਼ ਮੰਤਰੀ ਬਲਿੰਕੇਨ ਮੰਗਲਵਾਰ ਸਵੇਰੇ ਰੇਲਗੱਡੀ ਰਾਹੀਂ ਯੂਕ੍ਰੇਨ ਪਹੁੰਚੇ। ਉਨ੍ਹਾਂ ਦੀ ਕੀਵ ਦੀ ਯਾਤਰਾ ਖਾਰਕੀਵ ਵਿੱਚ ਰੂਸ ਦੇ ਤਾਜ਼ਾ ਹਮਲਿਆਂ ਤੋਂ ਕੁਝ ਦਿਨ ਬਾਅਦ ਆਈ ਹੈ। ਤੁਹਾਨੂੰ ਦੱਸ ਦੇਈਏ ਕਿ ਯੂਕ੍ਰੇਨ ਲੰਬੇ ਸਮੇਂ ਤੋਂ ਇਸ ਜੰਗ ਵਿੱਚ ਬੈਕਫੁੱਟ 'ਤੇ ਹੈ। ਯੂਕ੍ਰੇਨ ਹਥਿਆਰਾਂ ਦੀ ਕਮੀ ਦਾ ਸਾਹਮਣਾ ਕਰ ਰਿਹਾ ਹੈ। ਅਜਿਹੇ 'ਚ ਰੂਸੀ ਫੌਜ ਹੌਲੀ-ਹੌਲੀ ਅੱਗੇ ਵਧ ਰਹੀ ਹੈ। ਜ਼ਿਕਰਯੋਗ ਹੈ ਕਿ ਰੂਸ ਨੇ 24 ਫਰਵਰੀ 2022 ਨੂੰ ਯੂਕ੍ਰੇਨ 'ਤੇ ਹਮਲਾ ਕੀਤਾ ਸੀ। ਹਾਲਾਂਕਿ ਰੂਸ ਇਸ ਨੂੰ ਜੰਗ ਨਹੀਂ ਸਗੋਂ 'ਸਪੈਸ਼ਲ ਮਿਲਟਰੀ ਆਪਰੇਸ਼ਨ' ਦੱਸ ਰਿਹਾ ਹੈ। ਦੋਵਾਂ ਪਾਸਿਆਂ ਤੋਂ ਇਸ ਜੰਗ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਹਨ ਅਤੇ ਯੂਕ੍ਰੇਨ ਵਿੱਚ ਵੱਡੇ ਪੱਧਰ 'ਤੇ ਬਰਬਾਦੀ ਹੋਈ ਹੈ। ਅਮਰੀਕਾ ਨੇ ਰੂਸ ਵਿਰੁੱਧ ਆਪਣੀ ਜੰਗ ਵਿੱਚ ਯੂਕ੍ਰੇਨ ਨੂੰ 60 ਬਿਲੀਅਨ ਡਾਲਰ ਦੇ ਸਹਾਇਤਾ ਪੈਕੇਜ ਨੂੰ ਮਨਜ਼ੂਰੀ ਦਿੱਤੀ ਸੀ। ਇਸ ਰਾਸ਼ੀ ਦਾ ਜ਼ਿਆਦਾਤਰ ਹਿੱਸਾ ਨੁਕਸਾਨੇ ਗਏ ਹਥਿਆਰਾਂ ਦੀ ਮੁਰੰਮਤ ਅਤੇ ਹਵਾਈ ਰੱਖਿਆ 'ਤੇ ਖਰਚ ਕੀਤਾ ਜਾਵੇਗਾ।

ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗ ਖ਼ਤਮ ਨਹੀਂ ਹੋ ਰਹੀ। ਦੋਵੇਂ ਦੇਸ਼ ਪਿਛਲੇ ਦੋ ਸਾਲਾਂ ਤੋਂ ਜੰਗ ਦੀ ਅੱਗ ਵਿੱਚ ਸੜ ਰਹੇ ਹਨ। ਇਸ ਦੌਰਾਨ ਅਮਰੀਕੀ ਵਿਦੇਸ਼ ਮੰਤਰੀ ਐਂਟੋਨੀ ਬਲਿੰਕਨ ਰੇਲ ਰਾਹੀਂ ਯੂਕ੍ਰੇਨ ਪਹੁੰਚ ਗਏ ਹਨ। ਉਹ ਪੋਲੈਂਡ ਤੋਂ ਯੂਕ੍ਰੇਨ ਪਹੁੰਚਿਆ ਹੈ। ਰੂਸ-ਯੂਕ੍ਰੇਨ ਯੁੱਧ ਸ਼ੁਰੂ ਹੋਣ ਤੋਂ ਬਾਅਦ ਐਂਟਨੀ ਦੀ ਇਹ ਚੌਥੀ ਕੀਵ ਯਾਤਰਾ ਹੈ ਪਰ ਇਸ ਵਾਰ ਉਹ ਇੱਕ ਖਾਸ ਸੰਦੇਸ਼ ਲੈ ਕੇ ਯੂਕ੍ਰੇਨ ਵਿੱਚ ਹੈ। ਉਸ ਨੂੰ ਮੰਗਲਵਾਰ ਰਾਤ ਕੀਵ ਦੇ ਇੱਕ ਸਥਾਨਕ ਬਾਰ ਵਿੱਚ ਗਿਟਾਰ ਵਜਾਉਂਦੇ ਦੇਖਿਆ ਗਿਆ। ਯੂਕ੍ਰੇਨ ਨੂੰ ਉਨ੍ਹਾਂ ਦਾ ਸੰਦੇਸ਼ ਸੀ ਕਿ ਅਮਰੀਕਾ ਅਤੇ ਬਾਕੀ ਦੁਨੀਆ ਨਾ ਸਿਰਫ ਯੂਕ੍ਰੇਨ ਲਈ ਸਗੋਂ 'ਫ੍ਰੀ ਵਰਲਡ' ਲਈ ਮੋਰਚਾ ਸੰਭਾਲ ਰਹੇ ਹਨ।
ਰਾਜ ਦੇ ਸਕੱਤਰ ਐਂਟਨੀ ਬਲਿੰਕਨ ਨੇ ਕੀਵ ਵਿੱਚ ਇੱਕ ਸਥਾਨਕ ਬਾਰ ਵਿੱਚ ਬੈਂਡ 19.99 ਨਾਲ ਸਟੇਜ ਸਾਂਝੀ ਕੀਤੀ। ਇਸ ਦੌਰਾਨ ਉਨ੍ਹਾਂ ਨੇ ਨੀਲ ਯੰਗ ਦੇ ਗੀਤ 'ਰਾਕਿੰਗ ਇਨ ਦਾ ਫਰੀ ਵਰਲਡ' 'ਤੇ ਪਰਫਾਰਮ ਕੀਤਾ। 'ਰੌਕਿੰਗ ਇਨ ਦਿ ਫ੍ਰੀ ਵਰਲਡ' ਇੱਕ ਰੌਕ ਗੀਤ ਹੈ, ਜੋ 1989 ਵਿੱਚ ਬਰਲਿਨ ਦੀਵਾਰ ਦੇ ਡਿੱਗਣ ਤੋਂ ਪਹਿਲਾਂ ਰਿਲੀਜ਼ ਹੋਇਆ ਸੀ। ਇਸ ਗੀਤ ਨੂੰ ਚਲਾਉਣ ਤੋਂ ਪਹਿਲਾਂ ਐਂਟਨੀ ਨੇ ਕਿਹਾ ਕਿ ਤੁਹਾਡੇ ਸੈਨਿਕ, ਤੁਹਾਡੇ ਨਾਗਰਿਕ ਮੁਸੀਬਤ ਵਿੱਚ ਹਨ, ਖਾਸ ਕਰਕੇ ਖਾਰਕੀਵ ਵਿੱਚ। ਪਰ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ, ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਮਰੀਕਾ ਤੁਹਾਡੇ ਨਾਲ ਹੈ। ਇਹ ਦੁਨੀਆਂ ਤੁਹਾਡੇ ਨਾਲ ਹੈ ਅਤੇ ਇਹ ਜੰਗ ਸਿਰਫ਼ ਯੂਕ੍ਰੇਨ ਦੀ ਆਜ਼ਾਦੀ ਲਈ ਨਹੀਂ ਸਗੋਂ ਆਜ਼ਾਦ ਦੁਨੀਆ ਲਈ ਹੈ।

# ਪੇਰੂ : ਖੱਡ 'ਚ ਡਿੱਗੀ ਯਾਤਰੀ ਬੱਸ, 13 ਦੀ ਮੌਤ, 14 ਜ਼ਖਮੀ



ਦੱਖਣੀ ਪੇਰੂ ਵਿੱਚ ਮੰਗਲਵਾਰ ਨੂੰ ਇੱਕ ਯਾਤਰੀ ਬੱਸ ਦੇ ਕਰੀਬ 50 ਮੀਟਰ ਡੂੰਘੀ ਖੱਡ ਵਿੱਚ ਡਿੱਗਣ ਕਾਰਨ ਘੱਟੋ-ਘੱਟ 13 ਲੋਕਾਂ ਦੀ ਮੌਤ ਹੋ ਗਈ ਅਤੇ 14 ਹੋਰ ਜ਼ਖ਼ਮੀ ਹੋ ਗਏ। ਅਯਾਕੁਚੋ ਦੇ ਦੱਖਣੀ ਵਿਭਾਗ ਵਿੱਚ ਖੇਤਰੀ ਸਿਹਤ ਡਾਇਰੈਕਟੋਰੇਟ ਦੇ ਕੇਂਦਰ ਫਾਰ ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਐਮਰਜੈਂਸੀ ਐਂਡ ਡਿਸਾਸਟਰਜ਼ ਨੇ ਦੱਸਿਆ ਕਿ ਬੱਸ ਲਿਬਰਟਾਡੋਰੇਸ ਹਾਈਵੇਅ 'ਤੇ ਸਥਾਨਕ ਸਮੇਂ ਅਨੁਸਾਰ ਸਵੇਰੇ 6:30 ਵਜੇ ਦੇ ਕਰੀਬ ਹਾਦਸਾਗ੍ਰਸਤ ਹੋ ਗਈ।ਕੇਂਦਰ ਨੇ ਇੱਕ ਬਿਆਨ ਵਿੱਚ ਕਿਹਾ, "ਸ਼ੁਰੂਆਤੀ ਰਿਪੋਰਟਾਂ ਅਨੁਸਾਰ ਹੁਣ ਤੱਕ 14 ਲੋਕ ਜ਼ਖਮੀ ਹੋਏ ਹਨ ਅਤੇ 13 ਦੀ ਮੌਤ ਹੋ ਗਈ ਹੈ।" ਇਸ ਵਿਚ ਕਿਹਾ ਗਿਆ ਕਿ ਜ਼ਖਮੀਆਂ ਨੂੰ ਖੇਤਰ ਦੇ ਕਈ ਹਸਪਤਾਲਾਂ ਵਿਚ ਲਿਜਾਇਆ ਗਿਆ। ਬੱਸ ਆਪਰੇਟਰ CIVA ਨੇ ਇੱਕ ਬਿਆਨ ਵਿੱਚ ਪੁਸ਼ਟੀ ਕੀਤੀ ਕਿ ਉਸਦੀ ਇੱਕ ਬੱਸ "ਇੱਕ ਅਚਾਨਕ ਦੁਰਘਟਨਾ ਵਿੱਚ ਸ਼ਾਮਲ ਸੀ" ਅਤੇ ਪੀੜਤਾਂ ਦੇ ਪਰਿਵਾਰਾਂ ਨੂੰ "ਧੀਰਜ" ਰੱਖਣ ਲਈ ਕਿਹਾ ਜਦੋਂ ਕਿ ਕੰਪਨੀ ਨੇ ਹਰ ਲੋੜੀਂਦੀ ਸਹਾਇਤਾ ਦੀ ਪੇਸ਼ਕਸ਼ ਕਰਨ ਦੀ ਕੋਸ਼ਿਸ਼ ਕੀਤੀ। ਰੇਡੀਓ ਪ੍ਰੋਗਰਾਮਸ ਡੇਲ ਪੇਰੂ ਨੇ ਕੰਪਨੀ ਦੇ ਵਕੀਲ ਦੇ ਹਵਾਲੇ ਨਾਲ ਦੱਸਿਆ ਕਿ ਜਦੋਂ ਹਾਦਸਾ ਵਾਪਰਿਆ ਤਾਂ ਗੱਡੀ ਵਿਚ 32 ਯਾਤਰੀ ਅਤੇ ਦੋ ਡਰਾਈਵਰ ਸਵਾਰ ਸਨ।

# ਅਮਰੀਕਾ ਦਾ ਚੀਨ ’ਤੇ ਵੱਡਾ ਐਕਸ਼ਨ, ਚੀਨੀ ਸਾਮਾਨ ’ਤੇ ਲਾਇਆ 100 ਫ਼ੀਸਦੀ ਟੈਕਸ



ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਚੀਨ ਤੋਂ ਦਰਾਮਦ ਹੋਣ ਵਾਲੇ ਸਾਮਾਨ ’ਤੇ 100 ਫ਼ੀਸਦੀ ਤੱਕ ਦਰਾਮਦ ਟੈਕਸ ਲਗਾਇਆ ਹੈ। ਇਹ ਵੱਖ-ਵੱਖ ਸ਼੍ਰੇਣੀਆਂ ’ਚ ਵੱਖਰਾ ਹੈ। ਇਸ ਨੇ ਜਿਥੇ ਚੀਨ ਲਈ ਇਕ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ, ਉਥੇ ਹੀ ਇਸ ਨੇ ਚੀਨ ਤੇ ਅਮਰੀਕਾ ਵਿਚਾਲੇ ਵਪਾਰ ਯੁੱਧ ਦੇ ਮੁੜ ਸ਼ੁਰੂ ਹੋਣ ਦਾ ਖ਼ਦਸ਼ਾ ਵੀ ਵਧਾ ਦਿੱਤਾ ਹੈ। ਇਸ ਕਾਰਨ ਪਹਿਲਾਂ ਹੀ ਜੰਗ ਤੇ ਅਸਥਿਰਤਾ ਦੇ ਸੰਕਟ ਨਾਲ ਜੂਝ ਰਹੀ ਦੁਨੀਆ ਲਈ ਨਵੇਂ ਆਰਥਿਕ ਸੰਕਟ ਦਾ ਖ਼ਤਰਾ ਵੀ ਵੱਧ ਗਿਆ ਹੈ।ਅਮਰੀਕਾ ’ਚ ਇਸ ਸਾਲ ਦੇ ਅਖੀਰ ਤੱਕ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਇਸ ਤੋਂ ਠੀਕ ਪਹਿਲਾਂ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਚੀਨ ਪ੍ਰਤੀ ਆਪਣੀ ਦੁਸ਼ਮਣੀ ਨੂੰ ਸਾਕਾਰ ਕਰਦਿਆਂ ਚੀਨ ਤੋਂ ਅਮਰੀਕਾ ਪਹੁੰਚਣ ਵਾਲੇ ਵੱਖ-ਵੱਖ ਸਾਮਾਨ ’ਤੇ ਟੈਕਸ ਦਰ ਵਧਾ ਦਿੱਤੀ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਇਕ ਪੋਸਟ ’ਚ ਇਸ ਬਾਰੇ ਜਾਣਕਾਰੀ ਵੀ ਦਿੱਤੀ।ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੀ ਪੋਸਟ ਮੁਤਾਬਕ ਹੁਣ ਤੋਂ ਚੀਨ ਤੋਂ ਦਰਾਮਦ ਹੋਣ ਵਾਲੇ ਸਟੀਲ ਤੇ ਐਲੂਮੀਨੀਅਮ ’ਤੇ 25 ਫ਼ੀਸਦੀ ਟੈਕਸ ਲੱਗੇਗਾ, ਜਦਕਿ ਸੈਮੀਕੰਡਕਟਰ 50 ਫ਼ੀਸਦੀ ਟੈਕਸ ਨਾਲ ਅਮਰੀਕਾ ਪਹੁੰਚਣਗੇ। ਇਸ ਦੇ ਨਾਲ ਹੀ ਇਲੈਕਟ੍ਰਿਕ ਵਾਹਨਾਂ ’ਤੇ 100 ਫ਼ੀਸਦੀ ਟੈਕਸ ਤੇ ਸੋਲਰ ਪੈਨਲਾਂ ’ਤੇ 50 ਫ਼ੀਸਦੀ ਟੈਕਸ ਲੱਗੇਗਾ।ਜੋਅ ਬਾਈਡੇਨ ਨੇ ਸਪੱਸ਼ਟ ਕੀਤਾ ਕਿ ਚੀਨ ਲਗਾਤਾਰ ਇਨ੍ਹਾਂ ਖ਼ੇਤਰਾਂ ’ਚ ਹਾਵੀ ਹੋਣ ਤੇ ਅੱਗੇ ਵਧਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਦਕਿ ਉਹ ਚਾਹੁੰਦੇ ਹਨ ਕਿ ਅਮਰੀਕਾ ਇਨ੍ਹਾਂ ਖ਼ੇਤਰਾਂ ’ਚ ਹਮੇਸ਼ਾ ਅੱਗੇ ਰਹੇ ਤੇ ਦੁਨੀਆ ਦੀ ਅਗਵਾਈ ਕਰੇ।

# ਭਾਰਤੀ ਵਿਦਿਆਰਥੀ ਬ੍ਰਿਟਿਸ਼ ਯੂਨੀਵਰਸਿਟੀਆਂ ਨੂੰ ਪਹੁੰਚਾ ਰਹੇ ਫ਼ਾਇਦਾ

ਭਾਰਤੀ ਗ੍ਰੈਜੂਏਟਾਂ ਦਾ ਦਬਦਬਾ ਸਟੱਡੀ ਪੋਸਟ ਵੀਜ਼ਾ, ਯੂ.ਕੇ ਦੀਆਂ ਯੂਨੀਵਰਸਿਟੀਆਂ ਨੂੰ ਘਰੇਲੂ ਵਿੱਤੀ ਨੁਕਸਾਨ ਦੀ ਭਰਪਾਈ ਕਰਨ ਅਤੇ ਦੇਸ਼ ਦੇ ਖੋਜ ਖੇਤਰ ਦਾ ਵਿਸਤਾਰ ਕਰਨ ਵਿੱਚ ਮਦਦ ਕਰ ਰਿਹਾ ਹੈ। ਬ੍ਰਿਟਿਸ਼ ਸਰਕਾਰ ਦੀ ਇੱਕ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਇਹ ਜਾਣਕਾਰੀ ਦਿੱਤੀ। ਗ੍ਰਹਿ ਸਕੱਤਰ ਜੇਮਸ ਕਲੀਵਰਲੇ ਨੇ ਨਵੇਂ 'ਗ੍ਰੈਜੂਏਟ ਰੂਟ ਵੀਜ਼ਾ' ਦੀ ਸਮੀਖਿਆ ਕਰਨ ਲਈ ਸੁਤੰਤਰ ਮਾਈਗ੍ਰੇਸ਼ਨ ਸਲਾਹਕਾਰ ਕਮੇਟੀ ਨੂੰ ਕੰਮ ਸੌਂਪਿਆ ਹੈ, ਜੋ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੰਮ ਦੀ ਭਾਲ ਕਰਨ ਅਤੇ ਅਨੁਭਵ ਹਾਸਲ ਕਰਨ ਲਈ ਆਪਣੀ ਡਿਗਰੀ ਪੂਰੀ ਕਰਨ ਤੋਂ ਬਾਅਦ ਦੋ ਸਾਲ ਤੱਕ ਰਹਿਣ ਦੀ ਇਜਾਜ਼ਤ ਦਿੰਦਾ ਹੈ।

ਇਹ ਪਾਇਆ ਗਿਆ ਹੈ ਕਿ ਇਸ ਵੀਜ਼ਾ ਸ਼੍ਰੇਣੀ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੈ। ਉਹ 2021 ਤੋਂ 2023 ਦਰਮਿਆਨ ਜਾਰੀ ਕੀਤੇ ਗਏ ਕੁੱਲ ਵੀਜ਼ਿਆਂ ਦਾ 89,200 ਜਾਂ 42 ਪ੍ਰਤੀਸ਼ਤ ਸਨ। ਕਮੇਟੀ ਦੇ ਚੇਅਰਮੈਨ, ਪ੍ਰੋਫੈਸਰ ਬ੍ਰਾਇਨ ਬੇਲ ਨੇ ਕਿਹਾ, "ਸਾਡੀ ਸਮੀਖਿਆ ਸਿਫਾਰਸ਼ ਕਰਦੀ ਹੈ ਕਿ ਗ੍ਰੈਜੂਏਟ ਰੂਟ ਕਾਇਮ ਰਹਿਣਾ ਚਾਹੀਦਾ ਹੈ ਕਿਉਂਕਿ ਇਹ ਯੂ.ਕੇ ਦੀ ਉੱਚ ਸਿੱਖਿਆ ਪ੍ਰਣਾਲੀ ਦੀ ਗੁਣਵੱਤਾ ਨੂੰ ਕਮਜ਼ੋਰ ਨਹੀਂ ਕਰਦਾ ਹੈ। ਇਹ ਸਾਡੇ ਦੁਆਰਾ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪੇਸ਼ਕਸ਼ ਦਾ ਇੱਕ ਮਹੱਤਵਪੂਰਨ ਹਿੱਸਾ ਹੈ ਅਤੇ ਯੂ.ਕੇ ਵਿੱਚ ਅਧਿਐਨ ਕਰੋ। ਇਨ੍ਹਾਂ ਵਿਦਿਆਰਥੀਆਂ ਦੁਆਰਾ ਅਦਾ ਕੀਤੀ ਗਈ ਫੀਸ ਯੂਨੀਵਰਸਿਟੀਆਂ ਨੂੰ ਯੂ.ਕੇ ਦੇ ਵਿਦਿਆਰਥੀਆਂ ਨੂੰ ਸਿੱਖਿਆ ਅਤੇ ਖੋਜ ਪ੍ਰਦਾਨ ਕਰਨ ਵਿੱਚ ਹੋਏ ਨੁਕਸਾਨ ਦੀ ਭਰਪਾਈ ਕਰਨ ਵਿੱਚ ਮਦਦ ਕਰਦੀ ਹੈ। ਇਨ੍ਹਾਂ ਵਿਦਿਆਰਥੀਆਂ ਤੋਂ ਬਿਨਾਂ ਕਈ ਯੂਨੀਵਰਸਿਟੀਆਂ ਨੂੰ ਵਿੱਤੀ ਸਹਾਇਤਾ ਦੀ ਘਾਟ ਦਾ ਸਾਹਮਣਾ ਕਰਨਾ ਪਵੇਗਾ ਅਤੇ ਉੱਥੇ ਖੋਜ ਕਾਰਜ ਘੱਟ ਜਾਣਗੇ।''



# ਚੀਨ ਨੇ ਵਿਦੇਸ਼ੀ ਸੈਲਾਨੀਆਂ ਲਈ 'ਵੀਜ਼ਾ ਮੁਕਤ ਐਂਟਰੀ' ਨੀਤੀ ਕੀਤੀ ਲਾਗੂ

ਚੀਨ ਨੇ ਬੁੱਧਵਾਰ ਨੂੰ ਦੇਸ਼ ਦੇ ਸਮੁੰਦਰੀ ਤੱਟ ਨਾਲ ਲੱਗਦੇ ਸਾਰੇ ਕਰੂਜ਼ ਜਹਾਜ਼ ਬੰਦਰਗਾਹਾਂ ਰਾਹੀਂ ਵਿਦੇਸ਼ੀ ਸੈਲਾਨੀ ਸਮੂਹਾਂ ਨੂੰ ਵੀਜ਼ਾ ਮੁਕਤ ਦਾਖਲੇ ਦੀ ਇਜਾਜ਼ਤ ਦੇਣ ਵਾਲੀ ਨੀਤੀ ਲਾਗੂ ਕੀਤੀ ਹੈ। ਨੈਸ਼ਨਲ ਇਮੀਗ੍ਰੇਸ਼ਨ ਐਡਮਿਨਿਸਟ੍ਰੇਸ਼ਨ (ਐਨ.ਆਈ.ਏ) ਅਨੁਸਾਰ ਸੈਲਾਨੀ ਸਮੂਹ ਜਿਨ੍ਹਾਂ ਵਿੱਚ ਦੋ ਜਾਂ ਵੱਧ ਵਿਦੇਸ਼ੀ ਸ਼ਾਮਲ ਹਨ ਅਤੇ ਚੀਨੀ ਯਾਤਰਾ ਏਜੰਸੀਆਂ ਦੁਆਰਾ ਸੰਗਠਿਤ ਜਾਂ ਪ੍ਰਾਪਤ ਕੀਤੇ ਗਏ ਹਨ, ਸ਼ੰਘਾਈ, ਤਿਆਨਜਿਨ, ਗੁਆਂਗਜ਼ੂ, ਸਾਨਿਆ ਅਤੇ ਹੋਰਾਂ ਸਮੇਤ 13 ਚੀਨੀ ਸ਼ਹਿਰਾਂ ਵਿੱਚ ਕਰੂਜ਼ ਪੋਰਟਾਂ ਰਾਹੀਂ ਚੀਨ ਵਿਚ ਵੀਜ਼ਾ-ਮੁਕਤ ਦਾਖਲ ਹੋ ਸਕਦੇ ਹਨ। NIA ਦੇ ਬਿਆਨ ਮੁਤਾਬਕ ਸੈਲਾਨੀ ਚੀਨ 'ਚ 15 ਦਿਨਾਂ ਤੋਂ ਵੱਧ ਨਹੀਂ ਰਹਿ ਸਕਦੇ ਹਨ। ਚੀਨ ਵਿੱਚ ਉਹ ਤੱਟਵਰਤੀ ਸੂਬਿਆਂ, ਨਗਰਪਾਲਿਕਾਵਾਂ ਅਤੇ ਖੁਦਮੁਖਤਿਆਰ ਖੇਤਰਾਂ ਦੇ ਨਾਲ-ਨਾਲ ਬੀਜਿੰਗ ਦਾ ਦੌਰਾ ਕਰ ਸਕਦੇ ਹਨ।





# ਕੁਝ ਸਚੀਆਂ ਤੇ ਦਿਲ ਨੂੰ ਛੂਹਣ ਵਾਲੀਆਂ ਬਾਤਾਂ



### 1.ਇਬਰਾਹਿਮ ਤੇ ਅਲਾਹ

ਇਬਰਾਹਿਮ ਰਬ ਦਾ ਭਗਤ ਸੀ, ਨੇਕ ਤੇ ਰਹਿਮ ਦਿਲ ਇਨਸਾਨ ਵੀ। ਆਪ ਰੋਟੀ ਤਾਂ ਖਾਂਦਾ ਸੀ ਕਿਸੇ ਗਰੀਬ ਜਾਂ ਜਰੂਰਤ ਮੰਦ ਨੂੰ ਖੁਆ ਕੇ। ਭੁਖੇ ਤੇ ਜਰੂਰਤ ਮੰਦ ਆਪ ਹੀ ਉਸਦੇ ਘਰ ਆ ਜਾਂਦੇ। ਇਕ ਵਾਰੀ ਰੋਟੀ ਖਾਣ ਲਈ ਕੋਈ ਉਸਦੇ ਘਰ ਨਹੀਂ ਆਇਆ। ਨਾ ਕੋਈ ਬਾਹਰ ਉਸ ਨੂੰ ਭੁਖਾ ਨਜਰ ਆਇਆ। ਇਕ, ਦੋ-ਚਾਰ ਦਿਨ, ਕਰਦਿਆਂ ਕਰਦਿਆਂ ਚਾਲੀ ਦਿਨ ਬੀਤ ਗਏ, ਕੋਈ ਨਹੀਂ ਆਇਆ, ਇਬਰਾਹਿਮ ਨੇ ਰੋਟੀ ਨਹੀਂ ਖਾਧੀ। ਅਖੀਰ ਭੁਖ ਨਾਲ ਬੇਹਾਲ ਉਹ ਖੁਦ ਕਿਸੇ ਭੂਖੇ ਨੂੰ ਲਭਣ ਘਰੋਂ ਨਿਕਲ ਪਿਆ। ਅਖਿਰ ਉਸ ਨੂੰ ਇਕ 90 ਸਾਲ ਦਾ ਬੁਢਾ, ਜੋ ਥਕਿਆ ਹਾਰਿਆ ਦਿਖ ਰਿਹਾ ਸੀ ਨਜਰ ਆਇਆ। ਇਬ੍ਰਾਹਿਮ ਨੇ ਉਸਤੋਂ ਪੁਛਿਆ ਤੁਸੀਂ ਰੋਟੀ ਖਾਉਗੇ? ਬੁਢਾ ਬਾਬਾ ਖੁਸ਼ ਹੋ ਗਿਆ, ਉਹ ਕਈ ਦਿਨਾਂ ਦਾ ਭੁਖਾ ਸੀ। ਉਸਨੇ ਕਿਹਾ ,” ਭੁਖ ਤਾਂ ਬਹੁਤ ਲਗੀ ਹੈ ਕਈ ਦਿਨ ਤੋਂ ਰੋਟੀ ਨਸੀਬ ਨਹੀਂ ਹੋਈ। ਉਹ ਬਾਬੇ ਨੂੰ ਘਰ ਲੈ ਗਿਆ ,’ ਉਸਨੂੰ ਪਿਆਰ ਨਾਲ ਬਿਠਾਇਆ ਤੇ ਕਿਹਾ ਤੁਸੀਂ ਬੈਠੋ ਮੈਂ ਖਾਣਾ ਲੈ ਕੇ ਆਉਂਦਾ ਹਾਂ, ਧਾਲੀ ਪਰੋਸੀ ਗਈ। ਬਾਬਾ ਜੀ ਦੇ ਅਗੇ ਪਰੋਸਿਆ ਥਾਲ ਰਖਿਆ। ਜਦ ਉਹ ਮੂੰਹ ਵਿਚ ਗਰਾਹੀ ਪਾਣ ਲਗਾ, ਇਬ੍ਰਾਹਿਮ ਨੇ ਉਸਦੇ ਅਗੋਂ ਥਾਲੀ ਖਿਚ ਲਈ ਤੇ ਕਿਹਾ ,’ ਬਾਬਾ ਇਹ ਕੀ? ਅਲਾਹ ਦਾ ਸ਼ੁਕਰ ਕਰਨ ਤੋਂ ਪਹਿਲਾਂ ਬੁਰਕੀ ਮੂੰਹ ਵਿਚ ਪਾਣ ਲਗਾ ਹੈਂ ? ਬੁਢੇ ਬਾਬੇ ਨੇ ਕਿਹਾ,’ ਅਲਾਹ ਵੀ ਕੋਈ ਹੈ ? ਮੈਨੂੰ ਤਾ ਕਿਸੇ ਅਲਾਹ ਦਾ ਪਤਾ ਨਹੀਂ ਨਾ ਮੈਂ ਕਦੇ ਅਲਾਹ ਦਾ ਨਾਂ ਨਹੀਂ ਸੁਣਿਆ। ਬਾਕੀ ਤੁਹਾਡਾ ਸ਼ੁਕਰ ਤਾਂ ਖਾਣੇ ਤੋਂ ਬਾਅਦ ਕਰਨਾ ਸੀ। ਇਬ੍ਰਾਹਿਮ ਨੂੰ ਗੁਸਾ ਆਇਆ ਕਿ ਐਸਾ ਬੰਦਾ ਜਿਸ ਨੇ ਕਦੇ ਰੱਬ ਦਾ ਨਾਂ ਹੀ ਨਹੀਂ ਲਿਆ ਉਸ ਨੂੰ ਰੋਟੀ ਖੁਆਉਣਾ ਵੀ ਹਰਾਮ ਹੈ। ਉਸਨੇ ਬਾਬੇ ਨੂੰ ਗੁਸਾ ਕਰਕੇ ਘਰੋਂ ਬਾਹਰ ਕਢ ਦਿਤਾ। ਜਦ ਭਗਤੀ ਕਰਨ ਲਗਾ ਤਾਂ ਉਸ ਨੂੰ ਅਵਾਜ਼ ਆਈ ,’ ਇਬ੍ਰਾਹਿਮ ਇਹ ਤੂੰ ਕਿ ਕੀਤਾ ਹੈ ,ਇਕ ਭੂਖੇ ਅਗੋਂ ਥਾਲੀ ਖਿਚ ਲਈ ਹੈ? ਇਬ੍ਰਾਹਿਮ ਨੇ ਕਿਹਾ ਕਿ ਉਸਨੇ ਤੁਹਾਡਾ ਕਦੇ ਨਾਂ ਨਹੀਂ ਲਿਆ। ਅਲਾਹ ਨੇ ਕਿਹਾ ,’ ਮੈਂ 90 ਸਾਲ ਤੋਂ ਉਸ ਨੂੰ ਰੋਟੀ ਦੇ ਰਿਹਾਂ ਹਾਂ ਤਦ ਵੀ ਜਦ ਉਸ ਨੇ ਮੇਰਾ ਕਦੇ ਨਾਂ ਨਹੀਂ ਲਿਆ ਤੂੰ ਉਸ ਨੂੰ ਇਕ ਦਿਨ ਨਹੀਂ ਦੇ ਸਕਿਆ। ਇਬ੍ਰਾਹਿਮ ਨੂੰ ਸੋਝੀ ਆਈ ਉਹ ਬਾਬੇ ਨੂੰ ਲਭਣ ਨਿਕਲ ਪਿਆ , ਹਥ ਜੋੜੇ , ਮਾਫ਼ੀ ਮੰਗੀ ਤੇ ਮੁੜ ਥਾਲ ਪਰੋਸਿਆ।

### 2. ਭਾਈ ਸ਼ੀਆਂ ਜੀ

ਭਾਈ ਸ਼ੀਆਂ ਜੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੋਏ ਹਨ। ਬੜੇ ਹੀ ਸਿਦਕੀ ਸਿੱਖ ਸਨ। ਇਨ੍ਹਾਂ ਤੋਂ ਹੀ ਭਾਈ ਲਹਿਣਾ ਜੀ ਨੂੰ ਪ੍ਰੇਰਨਾ ਮਿਲੀ ਤੇ ਗੁਰੂ ਨਾਨਕ ਦੇਵ ਜੀ ਦੀ ਸੰਗਤ ਕਰਕੇ ਗੁਰੂ ਅੰਗਦ ਦੇਵ ਜੀ ਬਣੇ। ਭਾਈ ਸ਼ੀਆਂ ਜੀ ਇੱਕ ਗਰੀਬ ਤੇ ਕਿਰਤੀ ਸਿੱਖ ਸਨ। ਜਿਹੜੇ ਕਿ ਲਕੜਾਂ ਵੱਡ ਕੇ ਗੁਜ਼ਾਰਾ ਕਰਦੇ ਸਨ। ਸਮਾਂ ਐਸਾ ਆਇਆ ਕਿ ਕਈ ਦਿਨਾਂ ਬਾਅਦ ਰੁਜ਼ਗਾਰ ਮਿਲਿਆ ਥੋੜੇ ਬਹੁਤ ਪੈਸੇ ਬਣੇ ਜਿਨ੍ਹਾਂ ਨੂੰ ਲੈ ਕੇ ਭਾਈ ਸ਼ੀਆਂ ਜੀ ਭਾਈ ਲਹਿਣਾ ਜੀ ਜਿਨ੍ਹਾਂ ਦੀ ਪਿੰਡ ਵਿਚ ਕਰਿਆਨੇ ਦੀ ਹੱਟੀ ਸੀ ਕੋਲ ਗਏ ਭਾਈ ਲਹਿਣਾ ਜੀ ਦਾ ਸੁਭਾਅ ਸੀ ਜੇ ਕੋਈ ਦੁਕਾਨ ਤੇ ਗਰੀਬ ਜਾਂ ਲੋੜਵੰਦ ਆ ਜਾਂਦਾ ਤਾਂ ਉਸ ਨੂੰ ਆਪਣੇ ਕੋਲੋਂ ਕੁਝ ਰਾਸ਼ਨ ਪਾ ਦਿੰਦੇ। ਜਦ ਭਾਈ ਸ਼ੀਆਂ ਜੀ ਭਾਈ ਲਹਿਣਾ ਜੀ ਦੀ ਦੁਕਾਨ ਤੇ ਪਹੁੰਚੇ ਤੇ ਭਾਈ ਸ਼ੀਆਂ ਜੀ ਨੇ ਜੋ ਥੋੜ੍ਹੇ ਬਹੁਤ ਪੈਸੇ ਬਣੇ ਸਨ ਭਾਈ ਲਹਿਣਾ ਜੀ ਨੂੰ ਦਿਤੇ ਤੇ ਕਿਹਾ ਕਿ ਭਾਈ ਜੀ ਇਨ੍ਹਾਂ ਦੀ ਦਾਲ ਤੇ ਕੁਝ ਆਟਾ ਦੇ ਦੇਵੋ। ਭਾਈ ਲਹਿਣਾ ਜੀ ਨੇ ਸੋਚਿਆ ਇਨੇ ਥੋੜ੍ਹੇ ਪੈਸਿਆਂ ਨਾਲ ਕੀ ਆਉਣਾ ਤੇ ਭਾਈ ਲਹਿਣਾ ਜੀ ਨੇ ਥੋੜ੍ਹਾ ਆਟਾ ਦੋ ਬੁੱਕਾਂ ਆਪਣੇ ਕੋਲੋਂ ਪਾ ਦਿੱਤੀਆਂ ਤੇ ਦਸ ਦਿੱਤਾ ਕਿ ਭਾਈ ਤੇਰੇ ਪੈਸੇ ਬਹੁਤ ਥੋੜੇ ਸਨ। ਇਸ ਲਈ ਮੈਂ ਆਪਣੇ ਕੋਲੋਂ ਕੁਝ ਰਾਸ਼ਨ ਪਾ ਦਿੱਤਾ ਹੈ। ਇਹ ਸੁਣ ਕੇ ਭਾਈ ਸ਼ੀਆਂ ਜੀ ਨੇ ਕਿਹਾ ਕਿ ਭਾਈ ਮੇਰੇ ਗੁਰੂ ਦਾ ਹੁਕਮ ਹੈ ਕਿ ਸਿਦਕ ਵਿੱਚ ਰਹਿਣਾ ਜੋ ਪ੍ਰਮਾਤਮਾ ਨੇ ਬਖਸ਼ਿਆ ਹੈ ਉਸ ਦਾ ਹੁਕਮ ਮਨ ਕੇ ਰਜ਼ਾ ਵਿਚ ਰਹਿਣਾ ਇਸ ਲਈ ਭਾਈ ਤੂੰ ਆਪਣਾ ਵੱਧ ਪਾਇਆ ਆਟਾ ਕਢ ਲੈ ਨਹੀਂ ਤੂੰ ਪੈਸੇ ਵੀ ਰੱਖ ਤੇ ਮੈਂ ਤੇਰੇ ਤੋਂ ਰਾਸ਼ਨ ਹੀ ਨਹੀਂ ਲੈਂਦਾ। ਭਾਈ ਲਹਿਣਾ ਜੀ ਨੇ ਮਜ਼ਬੂਰਨ ਵਧ ਪਾਇਆ ਆਟਾ ਕੱਢ ਲਿਆ ਤੇ ਭਾਈ ਸ਼ੀਆਂ ਜੀ ਦੇ ਪਿੱਛੇ ਪਿੱਛੇ ਦੁਕਾਨ ਵਧਾ ਕੇ ਚਲ ਪਏ ਕਿ ਦੇਖਾਂ ਤਾਂ ਸਹੀ ਏਨੇ ਕੁ ਰਾਸ਼ਨ ਦਾ ਇਹ ਕਰਦਾ ਕੀ ਹੈ। ਜਦ ਭਾਈ ਸ਼ੀਆਂ ਜੀ ਘਰ ਪਹੁੰਚੇ ਤਾਂ ਆਵਾਜ਼ ਦਿੱਤੀ ਓ ਭਾਗਵਾਨੇ ਆ ਦੇਖ ਅੱਜ ਗੁਰੂ ਨੇ ਕਿੰਨੇ ਦਿਨਾਂ ਬਾਅਦ ਕਿਰਪਾ ਕਰਕੇ ਰਿਜ਼ਕ ਬਖਸ਼ਿਆ ਹੈ ਲੈ ਪਕਾ ਤੇ ਖਾਈਏ। ਅਗੋਂ ਭਾਈ ਸ਼ੀਆਂ ਜੀ ਦੀ ਘਰਵਾਲੀ ਵੀ ਗੁਰੂ ਦੇ ਰੰਗ ਵਿਚ ਰੰਗੀ ਹੋਈ ਸੀ ਉਸਨੇ ਥੋੜਾ ਜਿਹਾ ਰਾਸ਼ਨ ਦੇਖ ਕੇ ਇਹ ਨਹੀਂ ਕਿਹਾ ਕਿ ਏਨੇ ਕੁ ਨੂੰ ਮੈਂ ਸਿਰ ਵਿਚ ਮਾਰਾਂ ਨਹੀਂ ਉਸ ਨੇ ਵੀ ਭਲਾ ਕੀਤਾ ਤੇ ਗੁਰੂ ਦਾ ਸ਼ੁਕਰ ਕਰਦੇ ਕਰਦੇ ਪ੍ਰਸ਼ਾਦਾ ਤਿਆਰ ਕੀਤਾ ਜਿਨ੍ਹਾਂ ਕੂ ਆਟਾ ਸੀ ਉਸ ਨਾਲ ਗਿਣਤੀ ਦੇ ਤਿੰਨ ਪ੍ਰਸ਼ਾਦੇ ਤਿਆਰ ਹੋਏ। ਇਹ ਦੇਖ ਕੇ ਦੋਨੋਂ ਜੀਅ ਆਪਸ ਵਿਚ ਲੜ ਪਏ। ਲੜਾਈ ਦੋਨਾਂ ਜੀਆਂ ਚ ਆਪਣੇ ਵਾਲੀ ਨਹੀਂ ਹੋਈ ਸਗੋਂ ਇਹ ਹੋਈ ਕਿ ਪਤਨੀ ਕਹੇ ਕਿ ਸਾਂਈ ਜੀ ਤੁਸੀਂ ਬਾਹਰ ਕੰਮ ਕਰਦੇ ਹੋ ਤੁਸੀਂ ਦੋ ਪ੍ਰਸ਼ਾਦੇ ਛਕੋ ਮੈਂ ਇਕ ਛਕ ਲਵਾਂਗੀ ਤੇ ਭਾਈ ਜੀ ਕਹਿਣ ਭਾਗਵਾਨੇ ਤੂੰ ਬੱਚੇ ਨੂੰ ਦੁੱਧ ਪਿਆਉਣਾ ਹੈ ਤੂੰ ਦੋ ਛਕ ਮੈਂ ਇਕ ਛਕ ਲਵਾਂਗਾ। ਭਾਈ ਲਹਿਣਾ ਜੀ ਬਾਹਰ ਲੁਕ ਕੇ ਖੜੇ ਸਭ ਕੁਝ ਦੇਖ ਰਹੇ ਸਨ। ਕਿ ਇਨ੍ਹਾਂ ਸਿਦਕ ਇਨੇ ਨੂੰ ਇੱਕ ਜੋਗੀ ਆਇਆ ਉਸ ਨੇ ਅਲਖ ਜਗਾਇਆ ਤੇ ਆਵਾਜ਼ ਦਿੱਤੀ ਇਗ ਜੋਗੀ ਸਾਰੇ ਪਿੰਡਾਂ ਚੋਂ ਮੰਗ ਕੇ ਆਇਆ ਸੀ ਪਰ ਕਿਸੇ ਨੇ ਖੈਰ ਨਹੀਂ ਸੀ ਪਾਈ। ਹੁਣ ਪੁਛ ਪੁਛਾ ਕੇ ਭਾਈ ਸ਼ੀਆਂ ਜੀ ਦੇ ਘਰ ਪੁੱਜਾ ਸੀ। ਭਾਈ ਸ਼ੀਆਂ ਜੀ ਨੇ ਬੜੇ ਸਤਿਕਾਰ ਨਾਲ ਜੋਗੀ ਜੀ ਨੂੰ ਅੰਦਰ ਬੁਲਾਇਆ ਹੱਥ ਪੈਰ ਧੁਵਾਏ ਤੇ ਪ੍ਰਸ਼ਾਦਾ ਛਕਣ ਨੂੰ ਦਿੱਤਾ। ਸਾਡੇ ਵਾਂਗੂ ਨਹੀਂ ਜੇ ਘਰ ਚ ਕੁਝ ਖਾਣ ਨੂੰ ਬਣਾਇਆ ਹੋਵੇ ਜਾਂ ਮੰਗਵਾਇਆ ਹੋਵੇ ਤੇ ਉਤੋਂ ਕੋਈ ਆ ਜਾਵੇ ਤਾਂ ਅਸੀਂ ਮੱਥੇ ਤੇ ਵਟ ਪਾ ਲੈਣੇ ਆ ਕਿ ਇਹ ਕਿਧਰੋਂ ਆ ਗਿਆ ਲੋਕ ਕੁਝ ਖਾਣ ਵੀ ਨਹੀਂ ਦਿੰਦੇ। ਨਹੀਂ ਸਗੋਂ ਭਾਈ ਸ਼ੀਆਂ ਜੀ ਖੁਸ਼ ਹੋ ਗਏ ਤੇ ਕਹਿਣ ਲੱਗੇ ਦੇਖ ਭਾਗਵਾਨੇ ਆਪਾਂ ਲੜਦੇ ਸਾਂ ਗੁਰੂ ਸਾਹਿਬ ਨੇ ਆਪਣੀ ਲੜਾਈ ਨੂੰ ਮੇਟਣ ਲਈ ਇਕ ਪਿਆਰਾ ਹੋਰ ਭੇਜ ਦਿੱਤਾ ਹੁਣ ਅਸੀਂ ਤਿੰਨੇ ਇੱਕ ਇੱਕ ਪ੍ਰਸ਼ਾਦਾ ਛਕ ਲਵਾਂਗੇ ਜੋਗੀ ਬਹੁਤ ਦਿਨਾਂ ਦਾ ਭੁੱਖਾ ਸੀ ਉਸ ਨੇ ਇਕ ਪ੍ਰਸ਼ਾਦਾ ਛਕ ਕੇ ਇਕ ਹੋਰ ਮੰਗ ਲਿਆ। ਭਾਈ ਸ਼ੀਆਂ ਜੀ ਨੇ ਖੁਸ਼ੀ ਖੁਸ਼ੀ ਉਸ ਨੂੰ ਦੂਸਰਾ ਪ੍ਰਸ਼ਾਦਾ ਦਿੱਤਾ ਤੇ ਆਪ ਦੋਨਾਂ ਜੀਆਂ ਨੇ ਇਕ ਪ੍ਰਸ਼ਾਦਾ ਅੱਧਾ ਅੱਧਾ ਕਰਕੇ ਛਕ ਲਿਆ। ਇਹ ਦੇਖ ਕੇ ਭਾਈ ਲਹਿਣਾ ਜੀ ਦੀਆਂ ਅੱਖਾਂ ਚੋਂ ਹੰਝੂ ਵਗ ਤੁਰੇ ਤੇ ਭਾਈ ਸ਼ੀਆਂ ਜੀ ਦੇ ਪੈਰ ਫੜ ਲਏ ਕਿ ਮੈਨੂੰ ਵੀ ਦਸ ਕੌਣ ਆ ਤੇਰਾ ਗੁਰੂ ਜਿਸ ਨੇ ਤੇਰੇ ਵਿਚ ਏਨਾ ਸਿਦਕ ਭਰ ਦਿਤਾ ਮੈਨੂੰ ਵੀ ਉਸ ਕੋਲ ਲੈ ਚਲ।ਭਾਈ ਸ਼ੀਆਂ ਜੀ ਦੇ ਜੀਵਣ ਤੋਂ ਹੀ ਪ੍ਰਭਾਵਿਤ ਹੋਕੇ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਗਏ ਤੇ ਗੁਰੂ ਅੰਗਦ ਦੇਵ ਜੀ ਬਣੇ।

### 3. ਵਿਸ਼ਵਾਸ ਦੀ ਹੱਦ

ਇਕ ਅਮੀਰ ਆਦਮੀ ਨੇ ਕਿਸੇ ਮਜਬੂਰੀ ਵਸ ਆਪਣਾ ਕਾਰੋਬਾਰ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਸ਼ਿਫਟ ਕਰ ਲਿਆ , ਜਿਸ ਕਾਰਣ ਉਸ ਨੂੰ ਬਹੁਤ ਔਕੜਾਂ ਦਾ ਸਾਮਣਾ ਕਰਨਾ ਪਿਆ। ਘਰ ਤੋਂ ਉਹ ਪਹਿਲਾਂ ਹੀ ਪਰੇਸ਼ਾਨ ਸੀ,ਆਪਣੇ ਕਾਰੋਬਾਰ ਤੋ ਵੀ ਪਰੇਸ਼ਾਨ ਹੋ ਗਿਆ। ਇਤਨਾ ਪਰੇਸ਼ਾਨ ਕਿ ਸਾਰੀ ਸਾਰੀ ਰਾਤ ਕਰਵਟ ਬਦਲਦੇ ਨਿਕਲ ਜਾਂਦੀ। ਅਧੀ ਰਾਤ ਹੋ ਚੁਕੀ ਸੀ ,ਸੋਚਿਆ ਚਲੋ ਬਾਹਰ ਥੋੜਾ ਘੁੰਮ ਕੇ ਆ ਜਾਵਾਂ ਸ਼ਾਇਦ ਥਕਾਵਟ ਕਰਕੇ ਨੀਂਦ ਆ ਜਾਵੇ। ਚਲਦੇ ਚਲਦੇ ਰਸਤੇ ਵਿਚ ਇਕ ਗੁਰੂਦਵਾਰਾ ਨਜਰ ਆਇਆ, ਸੋਚਿਆ ਥੋੜੀ ਦੇਰ ਇਥੇ ਸ਼ਾਂਤੀ ਵਿਚ ਬੈਠ ਜਾਂਦਾ ਹਾਂ। ਗੁਰਦਵਾਰੇ ਵਿਚ ਕੋਈ ਬੰਦਾ ਨਹੀਂ ਸੀ, ਸਾਰੇ ਭਾਈ ਆਪਣੇ ਆਪਣੇ ਕਮਰਿਆਂ ਵਿਚ ਸੌਣ ਚਲੇ ਗਏ ਸੀ। ਜਿਥੇ ਗੁਰੂ ਗਰੰਥ ਸਾਹਿਬ ਸੀ ਜੀ ਦੀ ਸਥਾਪਨਾ ਸੀ,ਹਲਕੀ ਜਹੀ ਰੋਸ਼ਨੀ ਸੀ। ਉਹ ਆਦਮੀ ਪਿਛੇ ਇਕ ਕੋਨੇ ਵਿਚ ਬੈਠ ਗਿਆ। ਥੋੜੀ ਦੇਰ ਬਾਅਦ ਇਕ ਬੰਦੇ ਦੀ ਰੋਣ ਦੀ ਅਵਾਜ਼ ਆਈ -ਸ਼ਾਇਦ ਉਹ ਰੋ ਰੋ ਅਰਦਾਸ ਕਰ ਰਿਹਾ ਸੀ। ਇਹ ਬੰਦਾ ਉਠ ਕੇ ਉਸ ਕੋਲ ਗਿਆ, ਪੁਛਿਆ ਕਿ ਤਕਲੀਫ਼ ਹੈ , ਰੋ ਕਿਓਂ ਰਹੇ ਹੋ? ਮੈ ਕੋਈ ਤੁਹਾਡੀ ਮਦਤ ਕਰ ਸਕਦਾ ਹਾਂ? ਉਹ ਬੋਲਿਆ ਮੇਰੀ ਬੀਵੀ ਸਖਤ ਬੀਮਾਰ ਹੈ, ਡਾਕਟਰ ਨੇ ਕੁਝ ਪੈਸੇ ਜਮਾਂ ਕਰਾਣ ਨੂੰ ਕਿਹਾ ਹੈ ਤੇ ਇਹ ਵੀ ਕਿਹਾ ਕਿ ਜੇ ਤੁਸੀਂ ਸਵੇਰ ਤਕ ਪੈਸੇ ਜਮਾ ਨਹੀਂ ਕਰਾਉਂਦੇ ਤਾ ਆਪਣੇ ਮਰੀਜ਼ ਨੂੰ ਲੈ ਜਾਣਾ , ਇਹ ਹਸਪਤਾਲ ਹੈ ਕੋਈ ਯਤੀਮਖਾਨਾ ਥੋੜੀ ਹੈ। ਉਸ ਆਦਮੀਨੇ ਪੈਸੇ ਪੁਛੇ ਤੇ ਕਿਹਾ ਕਿ ਤੁਸੀਂ ਮੇਰੀ ਇਥੇ ਇੰਤਜ਼ਾਰ ਕਰੋ ਮੈਂ ਘਰੋਂ ਪੈਸੇ ਲੈ ਕੇ ਆਉਂਦਾ ਹਾਂ , ਉਹ ਭਲਾ ਆਦਮੀ ਘਰ ਗਿਆ ਜਿਤਨੇ ਪੈਸੇ ਉਸ ਗਰੀਬ ਨੂੰ ਚਾਹੀਦੇ ਸੀ ਲੈਕੇ ਮੁੜ ਗੁਰੂਦਵਾਰੇ ਆਕੇ ਉਸਨੂੰ ਦੇ ਦਿਤੇ। ਪੈਸਿਆਂ ਦੇ ਨਾਲ ਆਪਣਾ ਕਾਰਡ ਵੀ ਦੇਣ ਲਗਾ, ” ਕਿ ਇਹ ਮੇਰਾ ਪਤਾ ਹੈ ਅਗਰ ਹੋਰ ਪੈਸਿਆਂ ਦੀ ਲੋੜ ਪਵੇ ਤਾਂ ਆਕੇ ਲੈ ਲੈਣਾ। ਗਰੀਬ ਨੇ ਕਾਰਡ ਨਹੀਂ ਲਿਆ ਤੇ ਕਿਹਾ ਕਿ ਮੇਰੇ ਕੋਲ ਪਤਾ ਹੈ, ਕਾਰਡ ਦੀ ਕੋਈ ਲੋੜ ਨਹੀਂ। ਆਦਮੀ ਹੈਰਾਨ ਹੋ ਗਿਆ। ਸੋਚਿਆ ਕਿ ਮੈਂ ਇਸ ਸ਼ਹਿਰ ਵਿਚ ਨਵਾਂ ਹਾਂ , ਨਾ ਕਦੀ ਇਸ ਆਦਮੀ ਨੂੰ ਮੈਂ ਵੇਖਿਆ ਨਾ ਮਿਲਿਆ , ਨਾ ਕਦੀ ਮੈਂ ਇਸ ਪਾਸੇ ਆਇਆ ,ਮੇਰਾ ਪਤਾ ਇਸ ਕੋਲ ਕਿਵੇਂ ਹੈ? ਉਸਨੇ ਉਸ ਗਰੀਬ ਤੋਂ ਪੁਛ ਹੀ ਲਿਆ ਕਿ ਮੇਰਾ ਪਤਾ ਤੁਹਾਨੂੰ ਕਿਸਨੇ ਦਿਤਾ ਹੈ। ਮੈਨੂੰ ਇਥੇ ਜਾਣਦਾ ਹੀ ਕੋਈ ਨਹੀਂ। ਉਸਨੇ ਕਿਹਾ ਕਿ ਮੇਰੇ ਕੋਲ ਉਸ ਸਰਬਸ਼ਕਤੀ ਮਾਨ ਦਾ ਪਤਾ ਹੈ ,ਜਿਸ ਨੇ ਰਾਤ ਦੇ ਦੋ ਵਜੇ ਤੁਹਾਨੂੰ ਭੇਜਿਆ ਹੈ। ਕਿਤਨਾ ਵਿਸ਼ਵਾਸ ਹੈ ਉਸ ਰੱਬ ਤੇ? – ਮੈਨੂੰ ਲਗਦਾ ਹੈ ਕਿ ਜੇਕਰ ਕੋਈ ਵੀ ਆਦਮੀ ਇਸ ਹੱਦ ਤਕ ਉਸਤੇ ਵਿਸ਼ਵਾਸ ਕਰੇ ਤਾ ਰੱਬ ਨੂੰ ਕਿਸੇ ਨਾ ਕਿਸੇ ਰੂਪ ਵਿਚ ਹੇਠਾਂ ਉਤਰਕੇ ਆਣਾ ਹੀ ਪੈਂਦਾ ਹੈ।4. ਗੁਰੂ ਹਰਗੋਬਿੰਦ ਸਾਹਿਬ ਤੇ ਭਾਈ ਸੁਥਰਾ

ਇਕ ਵਾਰ ਗੁਰੂ ਹਰਗੋਬਿੰਦ ਸਾਹਿਬ ਦਾ ਦਰਬਾਰ ਲੱਗਾ ਸੀ ਤਾਂ ਭਾਈ ਸੁਥਰਾ ਜੀ ਬਾਕੀ ਸੰਗਤਾਂ ਨਾਲ ਬੈਠ ਕੇ ਕੀਰਤਨ ਸਰਵਨ ਕਰ ਰਹੇ ਸਨ। ਅਚਾਨਕ ਹੀ ਭਾਈ ਸੁਥਰਾ ਸ਼ਾਹ ਜੀ ਉੱਠੇ ਤੇ ਕੀਰਤਨ ਸਰਵਣ ਕਰਦੀਆਂ ਸੰਗਤਾਂ ਚੋਂ ਕੁਝ ਸੱਜਣਾਂ ਦੇ ਜ਼ੋਰ ਜ਼ੋਰ ਦੀ ਚਪੇੜਾਂ ਮਾਰਕੇ ਭੱਜ ਗਏ। ਇਹ ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਅੱਜ ਤਾਂ ਭਾਈ ਸੁਥਰੇ ਨੇ ਹੱਦ ਹੀ ਕਰ ਦਿੱਤੀ ਹੈ। ਜੋ ਗੁਰੂ ਕੀਆਂ ਸੰਗਤਾਂ ਦੇ ਕੀਰਤਨ ਸਰਵਣ ਕਰਦਿਆਂ ਹੀ ਚਪੇੜਾਂ ਮਾਰ ਕੇ ਨੱਠ ਉਠਾ ਹੈ। ਭਾਈ ਸੁਥਰਾ ਗੁਰੂ ਸਾਹਿਬ ਦੇ ਬਹੁਤ ਨਜ਼ਦੀਕੀ ਸੀ ਗੁਰੂ ਸਾਹਿਬ ਵੀ ਇਸ ਨੂੰ ਬਹੁਤ ਪਰੇਮ ਕਰਦੇ ਸਨ। ਇਸ ਗੱਲ ਤੋਂ ਕੁਝ ਸੱਜਣ ਖਾਰ ਵੀ ਖਾਂਦੇ ਸਨ। ਕਿ ਇਹ ਗੁਰੂ ਸਾਹਿਬ ਦੇ ਨੇੜੇ ਹੋਇਆ ਫਿਰਦਾ ਹੈ। ਉਨ੍ਹਾਂ ਨੇ ਹੀ ਬਾਕੀ ਸੰਗਤਾਂ ਨੂੰ ਵੀ ਚੁੱਕ ਚੁਕਾ ਲਿਆ ਕਿ ਗੁਰੂ ਸਾਹਿਬ ਨੇ ਤਾਂ ਭਾਈ ਸੁਥਰੇ ਨੂੰ ਜ਼ਿਆਦਾ ਹੀ ਲਾਡਲਾ ਬਣਾ ਰੱਖਿਆ ਹੈ ਇਸੇ ਲਈ ਇਹ ਇਸ ਤਰ੍ਹਾਂ ਦੀਆਂ ਹਰਕਤਾਂ ਕਰਦਾ ਹੈ। ਦੂਜੇ ਪਾਸੇ ਭਾਈ ਸੁਥਰਾ ਜੀ ਮਾਹੌਲ ਗਰਮਾਇਆ ਦੇਖਕੇ ਕਿਧਰੇ ਭੱਜ ਗਏ ਅਤੇ ਕਾਫੀ ਦਿਨ ਸੰਗਤਾਂ ਦੇ ਸਾਹਮਣੇ ਨਾ ਆਏ। ਜਦ ਗੁਰੂ ਸਾਹਿਬ ਨੇ ਸਨਮੁਖ ਹੋਣ ਦਾ ਬਚਨ ਕੀਤਾ ਤਾਂ ਭਾਈ ਸੁਥਰਾ ਜੀ ਹੱਥ ਜੋੜ ਗੁਰੂ ਸਾਹਿਬ ਅੱਗੇ ਪੇਸ਼ ਹੋਏ। ਗੁਰੂ ਸਾਹਿਬ ਨੇ ਲੱਗੇ ਦੋਸ਼ਾਂ ਦੀ ਸਚਾਈ ਪੁੱਛੀ ਤਾਂ ਭਾਈ ਸਥਰੇ ਨੇ ਕਿਹਾ ਕਿ ਮਾਰਾਂ ਨਾਂ ਚਪੇੜਾਂ ਇਨ੍ਹਾਂ ਨੇ ਕੰਮ ਹੀ ਅਜਿਹਾ ਕੀਤਾ ਹੈ। ਜਦ ਸਾਰਿਆਂ ਨੇ ਕਾਰਨ ਪੁੱਛਿਆ ਤਾ ਭਾਈ ਸੁਥਰੇ ਨੇ ਦੱਸਿਆ ਕਿ ਇਹ ਸੰਗਤ ਵਿਚ ਬੈਠੇ ਆਪਸ ਵਿਚ ਗੱਲਾਂ ਮਾਰ ਮਾਰ ਮਾਰਕੇ ਹੱਸ ਰਹੇ ਸਨ। ਕੋਟਿ ਬ੍ਰਹਮੰਡਾਂ ਦੇ ਮਾਲਿਕ ਦਾ ਦਰਬਾਰ ਲੱਗਾ ਹੋਵੇ ਤੇ ਇਹ ਸ਼ਬਦ ਸੁਣਨ ਦੀ ਬਜਾਏ ਗੱਲਾਂ ਮਾਰ ਨਾਲੇ ਤਾਂ ਆਪਣਾ ਜੀਵਣ ਕੁਰਾਹੇ ਪਾ ਰਹੇ ਸਨ। ਅਤੇ ਨਾਲ ਹੀ ਸੰਗਤਾਂ ਨੂੰ ਵੀ ਪਰੇਸ਼ਾਨ ਕਰ ਰਹੇ ਸਨ। ਇਸ ਲਈ ਮੈਂ ਇਨ੍ਹਾਂ ਦੇ ਚਪੇੜਾਂ ਮਾਰੀਆਂ ਸਨ।

ਇਹ ਸੁਣ ਗੁਰੂ ਸਾਹਿਬ ਨੇ ਭਾਈ ਸੁਥਰੇ ਨੂੰ ਪਰੇਮ ਕੀਤਾ ਤੇ ਈਰਖਾਲੂਆਂ ਨੂੰ ਤਾੜਨਾ ਕੀਤੀ। ਇਸੇ ਤਰ੍ਹਾਂ ਇਕ ਸਮੇਂ ਗੁਰੂ ਕੇ ਦਰਬਾਰ ਦੇ ਬਾਹਰ ਖੜ੍ਹਨ ਵਾਲੇ ਪਹਿਰੇਦਾਰਾਂ ਨੇ ਰਾਏ ਕਰ ਲਈ ਕਿ ਆਪਾਂ ਭਾਈ ਸੁਥਰੇ ਨੂੰ ਅੰਦਰ ਨਹੀਂ ਜਾਣ ਦੇਣਾ। ਜਦ ਭਾਈ ਸੁਥਰਾ ਜੀ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਅੰਦਰ ਜਾਣ ਲੱਗੇ ਤਾਂ ਪਹਿਰੇਦਾਰਾਂ ਨੇ ਰੋਕ ਦਿੱਤਾ ਤੇ ਕਿਹਾ ਕਿ ਗੁਰੂ ਸਾਹਿਬ ਦਾ ਹੁਕਮ ਹੈ ਤੂੰ ਅੰਦਰ ਨਹੀਂ ਜਾ ਸਕਦਾ। ਇਹ ਸੁਣ ਭਾਈ ਸੁਥਰਾ ਜੀ ਬਹੁਤ ਵਿਆਕੁਲ ਹੋਏ ਕਿਉਂ ਕਿ ਭਾਈ ਸਾਹਿਬ ਦੀ ਅਵਸਥਾ

ਇਕ ਘੜੀ ਨਾ ਮਿਲਤੇ ਤਾ ਕਲਯੁਗ ਹੋਤਾ।।